# ਸਰਜਰੀ: ਪੰਜਾਬੀ

## Surgery: Punjabi

ਇਹ ਜਾਣਕਾਰੀ ਸਰਜਰੀ (ਓਪਰੇਸ਼ਨ ਕਰਾਉਣ) ਬਾਰੇ ਹੈ।

ਕੈਂਸਰ ਪੀੜਤ ਕਈ ਲੋਕਾਂ ਦੇ ਇਲਾਜ ਦੇ ਹਿੱਸੇ ਵਜੋਂ ਉਨ੍ਹਾਂ ਦੀ ਸਰਜਰੀ ਕੀਤੀ ਜਾਵੇਗੀ।

ਹੋ ਸਕਦਾ ਹੈ ਕਿ ਇਹ ਤੁਹਾਡੇ ਲਈ ਲੋੜੀਂਦਾ ਇੱਕਮਾਤਰ ਇਲਾਜ ਨਾ ਹੋਵੇ। ਕੁਝ ਲੋਕਾਂ ਨੂੰ ਕੀਮੋਥੈਰੇਪੀ ਜਾਂ ਰੇਡੀਓਥੈਰੇਪੀ ਵਰਗੇ ਕੈਂਸਰ ਦੇ ਹੋਰ ਇਲਾਜ ਵੀ ਕਰਾਉਣੇ ਪੈ ਸਕਦੇ ਹਨ। ਹਸਪਤਾਲ ਦੇ ਡਾਕਟਰ ਤੁਹਾਡੇ ਨਾਲ ਤੁਹਾਡੇ ਇਲਾਜ ਬਾਰੇ ਗੱਲ ਕਰਨਗੇ।

ਜੇ ਇਸ ਜਾਣਕਾਰੀ ਬਾਰੇ ਤੁਹਾਡੇ ਕੋਈ ਵੀ ਸਵਾਲ ਹਨ, ਤਾਂ ਜਿੱਥੋਂ ਤੁਸੀਂ ਇਲਾਜ ਕਰਵਾ ਰਹੇ ਹੋ ਉਸ ਹਸਪਤਾਲ ਦੇ ਡਾਕਟਰ ਜਾਂ ਨਰਸ ਨੂੰ ਪੁੱਛੋ।

ਤੁਸੀਂ ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਨੂੰ ਫ੍ਰੀਫ਼ੋਨ **0808 808 00 00** 'ਤੇ ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ ਕਾਲ ਵੀ ਕਰ ਸਕਦੇ ਹੋ। ਸਾਡੇ ਕੋਲ ਦੁਭਾਸ਼ੀਏ ਹਨ, ਇਸ ਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਜਦੋਂ ਤੁਸੀਂ ਸਾਨੂੰ ਕਾਲ ਕਰੋ, ਕਿਰਪਾ ਕਰਕੇ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਹਾਨੂੰ ਕਿਹੜੀ ਭਾਸ਼ਾ ਚਾਹੀਦੀ ਹੈ।


ਇਸ ਭਾਸ਼ਾ ਅਤੇ ਹੋਰਨਾਂ ਭਾਸ਼ਾਵਾਂ ਵਿੱਚ ਕੈਂਸਰ ਸਬੰਧੀ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ macmillan.org.uk/translations

ਇਹ ਜਾਣਕਾਰੀ ਇਨ੍ਹਾਂ ਵਿਸ਼ਿਆਂ ਬਾਰੇ ਹੈ:

- ਕੈਂਸਰ ਕੀ ਹੁੰਦਾ ਹੈ?
- ਤੁਹਾਡਾ ਸਰਜਨ
- ਤੁਹਾਨੂੰ ਸਰਜਰੀ ਦੀ ਲੋੜ ਕਿਉਂ ਹੈ?
- ਕੀ ਸਰਜਰੀ ਨਾਲ ਕੈਂਸਰ ਠੀਕ ਹੋ ਸਕਦਾ ਹੈ?
- ਸਰਜਰੀ ਦੇ ਦੌਰਾਨ ਕੀ ਹੁੰਦਾ ਹੈ?
- ਸਰਜਰੀ ਤੋਂ ਪਹਿਲਾਂ
- ਸਹਿਮਤੀ ਦੇਣਾ
- ਬੇਹੋਸ਼ ਜਾਂ ਸੁੰਨ ਕਰਨ ਵਾਲੀ ਦਵਾਈ ਲੈਣਾ
- ਤੁਹਾਡੇ ਓਪਰੇਸ਼ਨ ਵਾਲੇ ਦਿਨ
- ਤੁਹਾਡੇ ਓਪਰੇਸ਼ਨ ਤੋਂ ਬਾਅਦ
- ਲੰਬੇ ਸਮੇਂ ਦੇ ਪ੍ਰਭਾਵ
- ਸਰੀਰਕ ਅਤੇ ਭਾਵਨਾਤਮਕ ਤਬਦੀਲੀਆਂ
- ਆਪਣੇ ਲਈ ਸਹੀ ਦੇਖਭਾਲ ਅਤੇ ਸਹਿਯੋਗ ਪ੍ਰਾਪਤ ਕਰਨਾ
- ਮੈਕਮਿਲਨ (Macmillan) ਤੁਹਾਡੀ ਮਦਦ ਕਿਵੇਂ ਕਰ ਸਕਦੀ ਹੈ
- ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ
- ਹਵਾਲੇ ਅਤੇ ਧੰਨਵਾਦ

# ਕੈਂਸਰ ਕੀ ਹੁੰਦਾ ਹੈ?

ਕੈਂਸਰ ਦੀ ਸ਼ੁਰੂਆਤ ਸਾਡੇ ਸਰੀਰ ਦੇ ਸੈੱਲਾਂ ਵਿੱਚ ਹੁੰਦੀ ਹੈ। ਸੈੱਲ ਉਹ ਛੋਟੇ ਬੁਨਿਆਦੀ ਹਿੱਸੇ ਹੁੰਦੇ ਹਨ ਜਿਨ੍ਹਾਂ ਤੋਂ ਸਾਡੇ ਸਰੀਰ ਦੇ ਅੰਗ ਅਤੇ ਟਿਸ਼ੂ ਬਣੇ ਹੁੰਦੇ ਹਨ। ਆਮ ਤੌਰ 'ਤੇ, ਇਹ ਸੈੱਲ ਇੱਕ ਨਿਯੰਤਰਿਤ ਤਰੀਕੇ ਨਾਲ ਟੁੱਟਦੇ ਅਤੇ ਨਵੇਂ ਸੈੱਲ ਬਣਾਉਂਦੇ ਹਨ। ਸਾਡੇ ਸਰੀਰ ਇਸੇ ਤਰ੍ਹਾਂ ਵਧਦੇ, ਠੀਕ ਹੁੰਦੇ ਅਤੇ ਮੁਰੰਮਤ ਕਰਦੇ ਹਨ। ਕਈ ਵਾਰ, ਇਸ ਵਿੱਚ ਗੜਬੜ ਹੋ ਜਾਂਦੀ ਹੈ, ਅਤੇ ਸੈੱਲ ਅਸਧਾਰਨ (ਨੁਕਸਦਾਰ) ਬਣ ਜਾਂਦਾ ਹੈ। ਇਹ ਅਸਧਾਰਨ ਸੈੱਲ ਹਿੱਸਿਆਂ ਵਿੱਚ ਟੁੱਟਦਾ ਰਹਿੰਦਾ ਹੈ ਅਤੇ ਹੋਰ ਜ਼ਿਆਦਾ ਅਸਧਾਰਨ ਸੈੱਲ ਬਣਾਈ ਜਾਂਦਾ ਹੈ। ਇਹ ਸੈੱਲ ਇੱਕ ਗੰਢ ਬਣਾ ਲੈਂਦੇ ਹਨ, ਜਿਸਨੂੰ ਟਿਊਮਰ (ਰਸੌਲੀ) ਕਿਹਾ ਜਾਂਦਾ ਹੈ।



**ਸਧਾਰਨ (ਨਾਰਮਲ) ਸੈੱਲ** **ਟਿਊਮਰ ਬਣਾਉਣ ਵਾਲੇ ਸੈੱਲ**

ਸਾਰੇ ਟਿਊਮਰ, ਕੈਂਸਰ ਨਹੀਂ ਹੁੰਦੇ। ਟਿਊਮਰ 2 ਮੁੱਖ ਤਰ੍ਹਾਂ ਦੇ ਹੁੰਦੇ ਹਨ:

- **ਨੁਕਸਾਨਰਹਿਤ ਟਿਊਮਰ** - ਇਹ ਟਿਊਮਰ ਕੈਂਸਰ ਨਹੀਂ ਹੁੰਦੇ ਹਨ। ਇਹ ਸਰੀਰ ਵਿੱਚ ਕਿਤੇ ਹੋਰ ਨਹੀਂ ਫੈਲ ਸਕਦੇ।
- **ਘਾਤਕ** - ਇਹ ਟਿਊਮਰ ਕੈਂਸਰ ਹੁੰਦੇ ਹਨ। ਇਹ ਸਰੀਰ ਦੇ ਹੋਰਨਾਂ ਖੇਤਰਾਂ ਵਿੱਚ ਵੱਧ ਸਕਦੇ ਹਨ।

ਉਹ ਥਾਂ ਜਿੱਥੇ ਕੈਂਸਰ ਪਹਿਲਾਂ ਵਧਣਾ ਸ਼ੁਰੂ ਹੁੰਦਾ ਹੈ, ਪ੍ਰਾਇਮਰੀ ਕੈਂਸਰ ਹੁੰਦਾ ਹੈ। ਪ੍ਰਾਇਮਰੀ ਕੈਂਸਰ ਦਾ ਨਾਮ ਸਰੀਰ ਵਿੱਚ ਉਸ ਸਥਾਨ ਦੇ ਨਾਮ ਉੱਤੇ ਰੱਖਿਆ ਜਾਂਦਾ ਹੈ ਜਿੱਥੋਂ ਇਹ ਸ਼ੁਰੂ ਹੋਇਆ ਸੀ, ਉਦਾਹਰਨ ਲਈ ਅੰਤੜੀ ਦਾ ਕੈਂਸਰ।

ਕਈ ਵਾਰ, ਪ੍ਰਾਇਮਰੀ ਕੈਂਸਰ ਦੇ ਸੈੱਲ ਖ਼ੂਨ ਅਤੇ ਲਿੰਫੈਟਿਕ ਸਿਸਟਮ (ਲਸਿਕਾ ਪ੍ਰਣਾਲੀ) ਰਾਹੀਂ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਫੈਲ ਜਾਂਦੇ ਹਨ। ਇਸ ਨੂੰ ਸੈਕੰਡਰੀ ਕੈਂਸਰ ਕਿਹਾ ਜਾਂਦਾ ਹੈ।

ਲਿੰਫੈਟਿਕ ਸਿਸਟਮ (ਲਸਿਕਾ ਪ੍ਰਣਾਲੀ) ਇਨਫ਼ੈਕਸ਼ਨ ਅਤੇ ਬਿਮਾਰੀ ਤੋਂ ਸਾਡਾ ਬਚਾਅ ਕਰਨ ਵਿੱਚ ਮਦਦ ਕਰਦਾ ਹੈ। ਇਹ ਮਹੀਨ ਨਲੀਆਂ ਤੋਂ ਬਣਿਆ ਹੁੰਦਾ ਹੈ ਜਿਹਨਾਂ ਨੂੰ ਲਿੰਫ ਵਹਿਣੀਆਂ ਕਿਹਾ ਜਾਂਦਾ ਹੈ। ਇਹ ਵਹਿਣੀਆਂ ਪੂਰੇ ਸਰੀਰ ਵਿੱਚ ਛੋਟੀਆਂ-ਛੋਟੀਆਂ ਲਿੰਫ ਗੰਢਾਂ ਦੇ ਗਰੁੱਪਾਂ ਨਾਲ ਜੁੜਦੀਆਂ ਹਨ।

## ਤੁਹਾਡਾ ਸਰਜਨ

ਜੋ ਡਾਕਟਰ ਤੁਹਾਡਾ ਓਪਰੇਸ਼ਨ ਕਰਦਾ ਹੈ, ਉਸਨੂੰ ਸਰਜਨ ਕਿਹਾ ਜਾਂਦਾ ਹੈ। ਤੁਹਾਡੇ ਕੈਂਸਰ ਦੀ ਕਿਸਮ ਲਈ ਸਹੀ ਸਰਜਨ ਨੂੰ ਦਿਖਾਉਣਾ ਬਹੁਤ ਜ਼ਰੂਰੀ ਹੁੰਦਾ ਹੈ। ਉਦਾਹਰਣ ਲਈ, ਛਾਤੀ ਦੇ ਕੈਂਸਰ ਤੋਂ ਪੀੜਤ ਵਿਅਕਤੀ ਨੂੰ ਛਾਤੀ ਦੇ ਸਰਜਨ ਨੂੰ ਦਿਖਾਉਣਾ ਚਾਹੀਦਾ ਹੈ। ਸਰਜਨ ਆਮ ਤੌਰ 'ਤੇ ਤੁਹਾਡੇ ਸਥਾਨਕ ਹਸਪਤਾਲ ਵਿੱਚ ਕੰਮ ਕਰਦਾ ਹੈ। ਤੁਸੀਂ ਚਾਹੋ ਤਾਂ ਸਰਜਨ ਤੋਂ ਉਸਦੇ ਅਨੁਭਵ ਬਾਰੇ ਪੁੱਛ ਸਕਦੇ ਹੋ।

ਜੇ ਤੁਹਾਡਾ ਕੈਂਸਰ ਘੱਟ ਆਮ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਕਿਸੇ ਮਾਹਰ ਕੈਂਸਰ ਹਸਪਤਾਲ ਦੇ ਕਿਸੇ ਸਰਜਨ ਨੂੰ ਦਿਖਾਉਣ ਦੀ ਲੋੜ ਪਵੇ। ਇਹ ਤੁਹਾਡੀ ਰਿਹਾਇਸ਼ ਦੀ ਥਾਂ ਤੋਂ ਜ਼ਿਆਦਾ ਦੂਰ ਹੋ ਸਕਦਾ ਹੈ।

## ਤੁਹਾਨੂੰ ਸਰਜਰੀ ਦੀ ਲੋੜ ਕਿਉਂ ਹੈ?

ਸਰਜਰੀ ਦਾ ਇਸਤੇਮਾਲ ਕੈਂਸਰ ਦੀ ਜਾਂਚ ਜਾਂ ਇਲਾਜ ਕਰਨ ਲਈ ਕੀਤਾ ਜਾ ਸਕਦਾ ਹੈ:

**ਰੋਗ ਦੀ ਜਾਂਚ (ਡਾਇਗਨੋਸਿਸ)**

ਸਰਜਨ ਕੈਂਸਰ ਦੇ ਇੱਕ ਛੋਟੇ ਜਿਹੇ ਟੁਕੜੇ ਨੂੰ ਕੱਢ ਸਕਦਾ ਹੈ। ਇਸਨੂੰ ਬਾਇਓਪਸੀ ਕਿਹਾ ਜਾਂਦਾ ਹੈ। ਇਸ ਨਾਲ ਡਾਕਟਰਾਂ ਨੂੰ ਇਹ ਪਤਾ ਲਗਾਉਣ ਵਿੱਚ ਮਦਦ ਮਿਲਦੀ ਹੈ ਕਿ ਇਹ ਕੈਂਸਰ ਕਿਸ ਕਿਸਮ ਦਾ ਹੈ।

**ਸਟੇਜਿੰਗ**

ਸਟੇਜਿੰਗ ਉਹ ਪ੍ਰਕਿਰਿਆ ਹੈ ਜਦੋਂ ਡਾਕਟਰ ਦੇਖਦੇ ਹਨ ਕਿ ਕੈਂਸਰ ਕਿੰਨਾ ਵੱਡਾ ਹੈ ਅਤੇ ਕੀ ਇਹ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਫੈਲਿਆ ਹੈ ਜਾਂ ਨਹੀਂ। ਕੈਂਸਰ ਦੀ ਸਟੇਜ ਜਾਣਨ ਨਾਲ ਡਾਕਟਰਾਂ ਨੂੰ ਤੁਹਾਡੇ ਇਲਾਜ ਦੀ ਯੋਜਨਾ ਬਣਾਉਣ ਵਿੱਚ ਮਦਦ ਮਿਲ ਸਕਦੀ ਹੈ।

ਸਟੇਜਿੰਗ ਵਿੱਚ ਆਮ ਤੌਰ 'ਤੇ ਕੁਝ ਸਕੈਨ ਕਰਾਉਣੇ ਸ਼ਾਮਲ ਹੁੰਦੇ ਹਨ। ਸਕੈਨ ਵੱਖ-ਵੱਖ ਪ੍ਰਕਾਰ ਦੇ ਹੁੰਦੇ ਹਨ। ਤੁਹਾਡਾ ਡਾਕਟਰ ਜਾਂ ਨਰਸ ਵਿਸਤਾਰ ਨਾਲ ਦੱਸਣਗੇ ਕਿ ਤੁਹਾਨੂੰ ਕਿਹੜੇ ਸਕੈਨਾਂ ਦੀ ਲੋੜ ਹੋ ਸਕਦੀ ਹੈ ਅਤੇ ਕੀ ਉਮੀਦ ਕੀਤੀ ਜਾ ਸਕਦੀ ਹੈ।

ਜੇ ਤੁਹਾਡੇ ਸਰਜਨ ਨੂੰ ਸਕੈਨ ਵਿੱਚ ਟਿਊਮਰ ਨਜ਼ਰ ਨਹੀਂ ਆਉਂਦਾ ਹੈ, ਤਾਂ ਹੋ ਸਕਦਾ ਹੈ ਕਿ ਤੁਹਾਨੂੰ ਹੋਰ ਟੈਸਟਾਂ ਦੀ ਲੋੜ ਪਵੇ। ਇਹ ਟੈਸਟ ਸਰੀਰ ਦੇ ਅੰਦਰ ਦੇਖਣ ਲਈ ਇੱਕ ਵਿਸ਼ੇਸ਼ ਯੰਤਰ ਦੀ ਵਰਤੋਂ ਕਰਦੇ ਹਨ, ਜਿਸਦੇ ਸਿਰੇ 'ਤੇ ਇੱਕ ਲਾਈਟ ਅਤੇ ਇੱਕ ਕੈਮਰਾ ਲੱਗਿਆ ਹੁੰਦਾ ਹੈ। ਇਹ 2 ਤਰੀਕਿਆਂ ਨਾਲ ਕੀਤਾ ਜਾ ਸਕਦਾ ਹੈ:

- ਯੰਤਰ ਨੂੰ ਪੇਟ (ਢਿੱਡ) ਵਿੱਚ ਇੱਕ ਛੋਟੇ ਜਿਹੇ ਚੀਰੇ ਰਾਹੀਂ ਅੰਦਰ ਲੰਘਾਇਆ ਜਾਂਦਾ ਹੈ। ਇਸਨੂੰ ਕੀਹੋਲ ਸਰਜਰੀ ਕਹਿੰਦੇ ਹਨ।
- ਯੰਤਰ ਨੂੰ ਤੁਹਾਡੇ ਸਰੀਰ ਵਿੱਚ ਕਿਸੇ ਕੁਦਰਤੀ ਛੇਕ ਰਾਹੀਂ ਅੰਦਰ ਲੰਘਾਇਆ ਜਾਂਦਾ ਹੈ। ਉਦਾਹਰਣ ਲਈ, ਯੰਤਰ ਨੂੰ ਤੁਹਾਡੇ ਮੂੰਹ ਵਿੱਚੋਂ, ਤੁਹਾਡੇ ਗਲੇ ਤੋਂ ਹੇਠਾਂ ਜਾਂਦੇ ਹੋਏ ਤੁਹਾਡੇ ਪੇਟ ਵਾਲੇ ਖੇਤਰ (ਢਿੱਡ) ਵਿੱਚ ਲੰਘਾਇਆ ਜਾਂਦਾ ਹੈ।

ਨਰਸ ਜਾਂ ਡਾਕਟਰ ਤੁਹਾਨੂੰ ਸ਼ਾਂਤ ਕਰਨ ਵਿੱਚ ਮਦਦ ਲਈ ਦਵਾਈ ਦੇ ਸਕਦੇ ਹਨ। ਉਹ ਤੁਹਾਡੇ ਗਲੇ ਦੇ ਪਿਛਲੇ ਹਿੱਸੇ ਵਿੱਚ ਇੱਕ ਖਾਸ ਤਰਲ ਪਦਾਰਥ ਨਾਲ ਸਪ੍ਰੇਅ ਵੀ ਕਰ ਸਕਦੇ ਹਨ ਤਾਂ ਜੋ ਤੁਹਾਨੂੰ ਕੁਝ ਵੀ ਮਹਿਸੂਸ ਨਾ ਹੋਵੇ।

**ਇਲਾਜ**

ਸਰਜਰੀ ਦੀ ਵਰਤੋਂ ਟਿਊਮਰ ਅਤੇ ਇਸਦੇ ਆਸ-ਪਾਸ ਨਾਰਮਲ-ਦਿਖਾਈ ਦੇਣ ਵਾਲੇ ਕੁਝ ਟਿਸ਼ੂ ਨੂੰ ਹਟਾਉਣ ਦੀ ਕੋਸ਼ਿਸ਼ ਕਰਨ ਲਈ ਕੀਤੀ ਜਾਂਦੀ ਹੈ ਜਿਸ ਵਿੱਚ ਕੈਂਸਰ ਦੇ ਸੈੱਲ ਹੋ ਸਕਦੇ ਹਨ। ਸਰਜਰੀ ਦੀ ਵਰਤੋਂ ਕੈਂਸਰ ਦੇ ਅਜਿਹੇ ਸੈੱਲਾਂ ਨੂੰ ਹਟਾਉਣ ਲਈ ਵੀ ਕੀਤੀ ਜਾ ਸਕਦੀ ਹੈ ਜੋ ਸਰੀਰ ਦੇ ਕਿਸੇ ਹੋਰ ਹਿੱਸੇ ਵਿੱਚ ਫੈਲ ਚੁਕੇ ਹੁੰਦੇ ਹਨ।

ਕਈ ਵਾਰ ਟਿਊਮਰ ਦੇ ਅਕਾਰ ਨੂੰ ਹੋਰ ਛੋਟਾ ਕਰਨ ਲਈ, ਸਰਜਰੀ ਤੋਂ ਪਹਿਲਾਂ ਕੀਮੋਥੈਰੇਪੀ ਅਤੇ ਰੇਡੀਓਥੈਰੇਪੀ ਵਰਗੇ ਹੋਰ ਇਲਾਜ ਦਿੱਤੇ ਜਾਂਦੇ ਹਨ। ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਘੱਟ ਸਰਜਰੀ ਦੀ ਲੋੜ ਹੁੰਦੀ ਹੈ।

- **ਕੀਮੋਥੈਰੇਪੀ** – ਇਹ ਕੈਂਸਰ ਦਾ ਇੱਕ ਅਜਿਹਾ ਇਲਾਜ ਹੈ ਜਿਸ ਵਿੱਚ ਕੈਂਸਰ ਦੇ ਸੈੱਲਾਂ ਨੂੰ ਮਾਰਨ ਲਈ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ।
- **ਰੇਡੀਓਥੈਰੇਪੀ** – ਇਹ ਕੈਂਸਰ ਦਾ ਇੱਕ ਅਜਿਹਾ ਇਲਾਜ ਹੈ ਜਿਸ ਵਿੱਚ ਕੈਂਸਰ ਦੇ ਸੈੱਲਾਂ ਨੂੰ ਮਾਰਨ ਲਈ ਐਕਸ-ਰੇ ਵਰਗੀਆਂ ਉੱਚ-ਊਰਜਾ ਵਾਲੀਆਂ ਕਿਰਨਾਂ ਦਾ ਇਸਤੇਮਾਲ ਕੀਤਾ ਜਾਂਦਾ ਹੈ।

ਕਿਸੇ ਵੀ ਇਲਾਜ ਤੋਂ ਪਹਿਲਾਂ, ਡਾਕਟਰਾਂ ਅਤੇ ਹੋਰ ਸਿਹਤ-ਸੰਭਾਲ ਪੇਸ਼ੇਵਰਾਂ ਦਾ ਇੱਕ ਗਰੁੱਪ ਤੁਹਾਡੀ ਸਥਿਤੀ ਬਾਰੇ ਵਿਚਾਰ-ਚਰਚਾ ਕਰਨ ਲਈ ਮੀਟਿੰਗ ਕਰੇਗਾ। ਇਸ ਨਾਲ ਇਹ ਪੱਕਾ ਕਰਨ ਵਿੱਚ ਮਦਦ ਮਿਲਦੀ ਹੈ ਕਿ ਤੁਹਾਨੂੰ ਸਭ ਤੋਂ ਵਧੀਆ ਇਲਾਜ ਮਿਲ ਰਿਹਾ ਹੈ। ਮੀਟਿੰਗ ਤੋਂ ਬਾਅਦ, ਤੁਹਾਡਾ ਸਰਜਨ ਜਾਂ ਨਰਸ ਤੁਹਾਡੇ ਨਾਲ ਤੁਹਾਡੇ ਇਲਾਜ ਦੀਆਂ ਚੋਣਾਂ ਬਾਰੇ ਗੱਲ ਕਰਨਗੇ।

### ਪੁਨਰ-ਨਿਰਮਾਣ

ਪੁਨਰ ਨਿਰਮਾਣ ਦਾ ਮਤਲਬ ਹੈ ਸਰੀਰ ਦਾ ਕੋਈ ਨਵਾਂ ਅੰਗ ਬਣਾਉਣ ਲਈ ਸਰਜਰੀ ਕਰਵਾਉਣਾ। ਇਸ ਨਾਲ ਸਰੀਰ ਦੇ ਬਿਹਤਰ ਤਰੀਕੇ ਨਾਲ ਕੰਮ ਕਰਨ ਵਿੱਚ ਮਦਦ ਮਿਲ ਸਕਦੀ ਹੈ, ਮਿਸਾਲ ਲਈ ਜੇ ਤੁਹਾਡੇ ਬਲੈਡਰ (ਮਸਾਨੇ) ਨੂੰ ਕੱਢ ਦਿੱਤਾ ਗਿਆ ਹੈ ਤਾਂ ਇੱਕ ਨਵਾਂ ਬਲੈਡਰ ਬਣਾਉਣਾ। ਪੁਨਰ-ਨਿਰਮਾਣ ਨਾਲ ਸਰੀਰ ਦੇ ਕਿਸੇ ਅੰਗ ਦੀ ਦਿੱਖ ਨੂੰ ਵੀ ਬਹਾਲ ਕੀਤਾ ਜਾ ਸਕਦਾ ਹੈ। ਮਿਸਾਲ ਲਈ, ਛਾਤੀ ਨੂੰ ਹਟਾਉਣ ਦੀ ਸਰਜਰੀ (ਮੈਸਟੈਕਟਮੀ) ਤੋਂ ਬਾਅਦ ਛਾਤੀ ਦੇ ਪੁਨਰ-ਨਿਰਮਾਣ ਨਾਲ ਇਸਦਾ ਨਵਾਂ ਅਕਾਰ ਬਣਾਇਆ ਜਾ ਸਕਦਾ ਹੈ।

### ਲੱਛਣਾਂ ਉੱਪਰ ਕਾਬੂ ਪਾਉਣਾ

ਕਈ ਵਾਰ ਕੈਂਸਰ ਨੂੰ ਪੂਰੀ ਤਰ੍ਹਾਂ ਨਾਲ ਨਹੀਂ ਹਟਾਇਆ ਜਾ ਸਕਦਾ। ਇਸ ਸਥਿਤੀ ਵਿੱਚ, ਸਰਜਰੀ ਨਾਲ ਫਿਰ ਵੀ ਲੱਛਣਾਂ ਉੱਪਰ ਕਾਬੂ ਪਾਉਣ ਅਤੇ ਕਿਸੇ ਨੂੰ ਬਿਹਤਰ ਮਹਿਸੂਸ ਕਰਾਉਣ ਵਿੱਚ ਮਦਦ ਮਿਲ ਸਕਦੀ ਹੈ।

## ਕੀ ਸਰਜਰੀ ਨਾਲ ਕੈਂਸਰ ਠੀਕ ਹੋ ਸਕਦਾ ਹੈ?

ਸਰਜਰੀ ਦਾ ਮਕਸਦ ਅਕਸਰ ਕੈਂਸਰ ਨੂੰ ਠੀਕ ਕਰਨ ਦੀ ਕੋਸ਼ਿਸ਼ ਕਰਨਾ ਹੀ ਹੁੰਦਾ ਹੈ। ਪਰ ਹੋ ਸਕਦਾ ਹੈ ਕਿ ਇਹ ਹਮੇਸ਼ਾ ਸੰਭਵ ਨਾ ਹੋਵੇ। ਅਜਿਹਾ ਇਸ ਲਈ ਹੋ ਸਕਦਾ ਹੈ ਕਿਉਂਕਿ ਟਿਊਮਰ ਨੂੰ ਕਢਣਾ ਬਹੁਤ ਮੁਸ਼ਕਲ ਹੈ, ਜਾਂ ਕਿਉਂਕਿ ਕੈਂਸਰ ਸਰੀਰ ਦੇ ਹੋਰਾਂ ਹਿੱਸਿਆਂ ਵਿੱਚ ਬਹੁਤ ਜ਼ਿਆਦਾ ਫੈਲ ਚੁਕਿਆ ਹੁੰਦਾ ਹੈ।

ਕਈ ਵਾਰ, ਕੈਂਸਰ ਇੰਨਾ ਛੋਟਾ ਹੁੰਦਾ ਹੈ ਕਿ ਇਸਨੂੰ ਲੱਭਣਾ ਮੁਸ਼ਕਲ ਹੁੰਦਾ ਹੈ। ਸੈੱਲਾਂ ਦੇ ਬਹੁਤੇ ਛੋਟੇ ਗਰੁੱਪਾਂ ਨੂੰ ਸਰਜਨ ਦੇਖ ਨਹੀਂ ਪਾਉਂਦੇ ਹਨ ਅਤੇ ਇਹ ਸਕੈਨਾਂ ਉੱਪਰ ਵੀ ਹਮੇਸ਼ਾ ਦਿਖਾਈ ਨਹੀਂ ਦਿੰਦੇ ਹਨ।

ਜੇ ਅਜਿਹਾ ਕੋਈ ਖਤਰਾ ਹੈ ਕਿ ਕੈਂਸਰ ਦੇ ਕੁਝ ਸੈੱਲ ਪਿੱਛੇ ਬਚੇ ਰਹਿ ਸਕਦੇ ਹਨ, ਤਾਂ ਹੋ ਸਕਦਾ ਹੈ ਕਿ ਤੁਹਾਡਾ ਡਾਕਟਰ ਤੁਹਾਨੂੰ ਸਰਜਰੀ ਤੋਂ ਬਾਅਦ ਕੈਂਸਰ ਦੇ ਹੋਰ ਇਲਾਜ ਕਰਾਉਣ ਦਾ ਸੁਝਾਅ ਦੇਵੇ, ਜਿਵੇਂ ਕਿ ਕੀਮੋਥੈਰੇਪੀ। ਇਸ ਨਾਲ ਭਵਿੱਖ ਵਿੱਚ ਕੈਂਸਰ ਦੇ ਦੁਬਾਰਾ ਹੋਣ ਦੇ ਖਤਰੇ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ।

ਕੁਝ ਕੈਂਸਰਾਂ ਲਈ, ਸਰਜਰੀ ਬਿਲਕੁਲ ਹੀ ਸੰਭਵ ਨਹੀਂ ਹੁੰਦੀ। ਇਸ ਸਥਿਤੀ ਵਿੱਚ, ਤੁਹਾਨੂੰ ਕੈਂਸਰ ਦੇ ਦੂਜੇ ਇਲਾਜ ਦਿੱਤੇ ਜਾ ਸਕਦੇ ਹਨ।


## ਸਰਜਰੀ ਦੇ ਦੌਰਾਨ ਕੀ ਹੁੰਦਾ ਹੈ?

ਸਰਜਨ ਕੈਂਸਰ ਨੂੰ ਅਤੇ ਇਸ ਦੇ ਆਲੇ-ਦੁਆਲੇ ਮੌਜੂਦ ਨਾਰਮਲ-ਦਿਖਾਈ ਦਿੰਦੇ ਟਿਸ਼ੂ ਦੇ ਇੱਕ ਹਿੱਸੇ ਨੂੰ ਹਟਾ ਦੇਵੇਗਾ। ਇਸਦਾ ਮਤਲਬ ਹੈ ਕਿ ਇਸਦੀ ਸੰਭਾਵਨਾ ਘੱਟ ਹੋਵੇਗੀ ਕਿ ਕੈਂਸਰ ਦੇ ਕੋਈ ਵੀ ਸੈੱਲ ਪਿੱਛੇ ਬਚੇ ਰਹਿ ਗਏ ਹਨ। ਇਸ ਨਾਲ ਕੈਂਸਰ ਦੇ ਦੁਬਾਰਾ ਹੋਣ ਦੇ ਜੋਖਮ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ।

ਤੁਹਾਡੀ ਸਰਜਰੀ ਤੋਂ ਬਾਅਦ, ਤੁਹਾਡਾ ਡਾਕਟਰ ਟਿਸ਼ੂ ਨੂੰ ਮਾਈਕ੍ਰੋਸਕੋਪ ਦੇ ਹੇਠਾਂ ਚੰਗੀ ਤਰ੍ਹਾਂ ਦੇਖੇਗਾ। ਉਹ ਇਹ ਯਕੀਨੀ ਬਣਾਏਗਾ ਕਿ ਟਿਊਮਰ ਦੇ ਆਲੇ-ਦੁਆਲੇ ਵਾਲੀ ਜਗ੍ਹਾ 'ਤੇ ਕੈਂਸਰ ਦੇ ਕੋਈ ਸੈੱਲ ਨਹੀਂ ਹਨ।

**ਲਿੰਫ ਗ੍ਰੰਥੀਆਂ**

ਲਿੰਫ ਗ੍ਰੰਥੀਆਂ ਲਿੰਫੈਟਿਕ ਸਿਸਟਮ ਦਾ ਹਿੱਸਾ ਹੁੰਦੀਆਂ ਹਨ। ਇਹ ਇਨਫ਼ੈਕਸ਼ਨ ਅਤੇ ਬਿਮਾਰੀ ਤੋਂ ਸਾਡਾ ਬਚਾਅ ਕਰਨ ਵਿੱਚ ਮਦਦ ਕਰਦਾ ਹੈ।




**ਲਿੰਫੈਟਿਕ ਸਿਸਟਮ**

ਸਰਜਨ ਕੈਂਸਰ ਦੇ ਨੇੜੇ-ਤੇੜੇ ਦੀਆਂ ਕੁਝ ਲਿੰਫ ਗ੍ਰੰਥੀਆਂ ਨੂੰ ਹਟਾ ਸਕਦਾ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿਉਂਕਿ ਕੈਂਸਰ ਦੇ ਸੈੱਲ ਲਿੰਫ ਗ੍ਰੰਥੀਆਂ ਵਿੱਚ ਫੈਲ ਸਕਦੇ ਹਨ। ਜੇ ਲਿੰਫ ਗ੍ਰੰਥੀਆਂ ਵਿੱਚ ਕੈਂਸਰ ਦੇ ਸੈੱਲ ਮੌਜੂਦ ਹੋਣ, ਤਾਂ ਇਸ ਨਾਲ ਕੈਂਸਰ ਦੇ ਦੁਬਾਰਾ ਹੋਣ ਦਾ ਖਤਰਾ ਵੱਧ ਸਕਦਾ ਹੈ।

ਸਰਜਰੀ ਤੋਂ ਬਾਅਦ ਕੱਢੀਆਂ ਗਈਆਂ ਲਿੰਫ ਗ੍ਰੰਥੀਆਂ ਦੀ ਜਾਂਚ ਕੀਤੀ ਜਾਂਦੀ ਹੈ। ਜੇ ਉਨ੍ਹਾਂ ਵਿੱਚ ਕੈਂਸਰ ਦੇ ਸੈੱਲ ਮੌਜੂਦ ਹੋਣਗੇ, ਤਾਂ ਤੁਹਾਨੂੰ ਓਨਕੋਲੌਜਿਸਟ ਵਜੋਂ ਜਾਣੇ ਜਾਂਦੇ ਡਾਕਟਰ ਕੋਲ ਰੈਫ਼ਰ ਕੀਤਾ ਜਾਵੇਗਾ। ਓਨਕੋਲੌਜਿਸਟ ਇੱਕ ਕੈਂਸਰ ਡਾਕਟਰ ਹੁੰਦਾ ਹੈ ਜੋ ਰੇਡੀਓਥੈਰੇਪੀ, ਕੀਮੋਥੈਰੇਪੀ ਅਤੇ ਕੈਂਸਰ-ਰੋਧੀ ਹੋਰਨਾਂ ਦਵਾਈਆਂ ਵਰਗੇ ਕੈਂਸਰ ਦੇ ਇਲਾਜਾਂ ਵਿੱਚ ਮਾਹਰ ਹੁੰਦਾ ਹੈ। ਉਹ ਤੁਹਾਡੇ ਨਾਲ ਅਜਿਹੇ ਹੋਰਨਾਂ ਇਲਾਜਾਂ ਬਾਰੇ ਗੱਲ ਕਰੇਗਾ ਜੋ ਇਸ ਖਤਰੇ ਨੂੰ ਘਟਾ ਸਕਦੇ ਹਨ।

### ਕੀਹੋਲ ਸਰਜਰੀ (ਲੈਪੇਰੋਸਕੋਪਿਕ)
ਕੀਹੋਲ ਸਰਜਰੀ (ਲੈਪੇਰੋਸਕੋਪਿਕ) ਦਾ ਇਸਤੇਮਾਲ ਪੇਟ ਦੇ ਉੱਪਰਲੇ ਅਤੇ ਹੇਠਲੇ ਹਿੱਸਿਆਂ ਵਿੱਚ ਓਪਰੇਸ਼ਨ ਕਰਨ ਲਈ ਕੀਤਾ ਜਾ ਸਕਦਾ ਹੈ।

ਇਸ ਕਿਸਮ ਦੀ ਸਰਜਰੀ ਵਿੱਚ, 1 ਵੱਡੇ ਚੀਰੇ ਦੀ ਬਜਾਏ ਸਰੀਰ ਵਿੱਚ ਛੋਟੇ-ਛੋਟੇ ਸੁਰਾਖ ਬਣਾਏ ਜਾਂਦੇ ਹਨ। ਸਰਜਨ ਚਮੜੀ ਵਿੱਚ ਇੱਕ ਛੋਟੇ ਜਿਹੇ ਚੀਰੇ ਰਾਹੀਂ ਟਿਊਮਰ ਨੂੰ ਕੱਢਣ ਲਈ ਇੱਕ ਔਜ਼ਾਰ ਦਾ ਇਸਤੇਮਾਲ ਕਰਦਾ ਹੈ। ਕਈ ਵਾਰ ਔਜ਼ਾਰ ਇੱਕ ਮਸ਼ੀਨ ਵਿੱਚ ਹੁੰਦੇ ਹਨ। ਸਰਜਨ ਮਸ਼ੀਨ ਚਲਾਉਂਦਾ ਹੈ। ਇਸਨੂੰ ਰੋਬੋਟਿਕ ਸਰਜਰੀ ਕਹਿੰਦੇ ਹਨ।

ਕੀਹੋਲ ਸਰਜਰੀ ਨਾਲ ਇੱਕ ਬਹੁਤ ਛੋਟਾ ਜਿਹਾ ਜਖਮ ਰਹਿ ਜਾਂਦਾ ਹੈ, ਇਸ ਲਈ ਲੋਕ ਵਧੇਰੇ ਜਲਦੀ ਰਿਕਵਰ ਹੁੰਦੇ ਹਨ।

### ਓਪਨ (ਖੁੱਲ੍ਹੀ) ਸਰਜਰੀ
ਓਪਨ ਸਰਜਰੀ ਉਦੋਂ ਹੁੰਦੀ ਹੈ ਜਦ ਸਰਜਨ 1 ਵੱਡਾ ਚੀਰਾ ਲਗਾਉਂਦਾ ਹੈ। ਇਸਦਾ ਮਤਲਬ ਹੈ ਕਿ ਸਰਜਨ ਕੈਂਸਰ ਜਾਂ ਸਰੀਰ ਦੇ ਉਨ੍ਹਾਂ ਹਿੱਸਿਆਂ ਨੂੰ ਦੇਖ ਸਕਦਾ ਹੈ ਜਿਨ੍ਹਾਂ ਨੂੰ ਕੱਢਣ ਦੀ ਲੋੜ ਹੁੰਦੀ ਹੈ।

ਕਈ ਵਾਰੀ ਉਨ੍ਹਾਂ ਨੂੰ 1 ਤੋਂ ਵੱਧ ਚੀਰੇ ਲਾਉਣ ਦੀ ਲੋੜ ਹੁੰਦੀ ਹੈ। ਉਦਾਹਰਣ ਲਈ, ਛਾਤੀ ਦੀ ਸਰਜਰੀ ਵਿੱਚ, ਉਹ ਕੱਛ ਵਾਲੀ ਜਗ੍ਹਾ (ਐਕਸਿਲਾ) 'ਤੇ ਇੱਕ ਹੋਰ ਚੀਰਾ ਲਗਾ ਸਕਦੇ ਹਨ ਤਾਂ ਜੋ ਉਹ ਲਿੰਫ ਗੰਢਾਂ ਨੂੰ ਵੀ ਕੱਢ ਸਕਣ।

## ਤੁਹਾਡੇ ਓਪਰੇਸ਼ਨ ਤੋਂ ਪਹਿਲਾਂ

ਆਮ ਤੌਰ 'ਤੇ ਓਪਰੇਸ਼ਨ ਤੋਂ ਪਹਿਲਾਂ ਕੁਝ ਟੈਸਟ ਕਰਾਉਣ ਲਈ, ਹਸਪਤਾਲ ਵਿੱਚ ਤੁਹਾਡੀ ਇੱਕ ਅਪੌਇੰਟਮੈਂਟ ਹੋਵੇਗੀ। ਇਸਨੂੰ ਓਪਰੇਸ਼ਨ ਤੋਂ ਪਹਿਲਾਂ ਦਾ ਮੁਲਾਂਕਣ ਕਿਹਾ ਜਾਂਦਾ ਹੈ। ਟੈਸਟ ਇਹ ਪਤਾ ਲਗਾਉਣ ਲਈ ਕੀਤੇ ਜਾਂਦੇ ਹਨ ਕਿ ਤੁਸੀਂ ਸਰਜਰੀ ਕਰਾਉਣ ਲਈ ਪੂਰੀ ਤਰ੍ਹਾਂ ਨਾਲ ਸਿਹਤਮੰਦ ਹੋ ਜਾਂ ਨਹੀਂ। ਇੱਕ ਨਰਸ ਤੁਹਾਡੀ ਸਿਹਤ ਦੇ ਪਿਛਲੇ ਰਿਕਾਰਡ ਬਾਰੇ ਪੁੱਛੇਗੀ ਅਤੇ ਇਸ ਬਾਰੇ ਕਿ ਕੀ ਤੁਹਾਨੂੰ ਕੋਈ ਅਲਰਜੀ ਹੈ। ਉਸਨੂੰ ਇਹ ਦੱਸਣਾ ਬਹੁਤ ਜ਼ਰੂਰੀ ਹੁੰਦਾ ਹੈ ਕਿ ਕੀ ਤੁਸੀਂ, ਕਿਸੇ ਵੀ ਹਰਬਲ ਉਪਚਾਰ ਜਾਂ ਸਪਲੀਮੈਂਟਾਂ ਸਮੇਤ, ਕੋਈ ਦਵਾਈ ਲੈ ਰਹੇ ਹੋ। ਉਹ ਤੁਹਾਡੇ ਨਾਲ ਤੁਹਾਡੇ ਓਪਰੇਸ਼ਨ ਬਾਰੇ ਅਤੇ ਇਸ ਸਬੰਧ ਵਿੱਚ ਵੀ ਗੱਲ ਕਰਨਗੇ ਕਿ ਇਸਦੇ ਲਈ ਕਿਵੇਂ ਤਿਆਰੀ ਕਰਨੀ ਹੈ।

ਨਰਸ ਦੁਆਰਾ ਤੁਹਾਡਾ ਭਾਰ ਦੇਖਿਆ ਜਾਵੇਗਾ ਅਤੇ ਤੁਹਾਡੇ ਬਲੱਡ ਪ੍ਰੈਸ਼ਰ, ਦਿਲ ਦੀ ਗਤੀ, ਆਕਸੀਜਨ ਪੱਧਰ ਅਤੇ ਤਾਪਮਾਨ ਦੀ ਜਾਂਚ ਕੀਤੀ ਜਾਵੇਗੀ।

ਹੋਰਾਂ ਟੈਸਟਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:
- ਖੂਨ ਅਤੇ ਪਿਸ਼ਾਬ ਦੇ ਟੈਸਟ
- ਗਰਭਅਵਸਥਾ ਦਾ ਟੈਸਟ
- ਇਹ ਦੇਖਣ ਲਈ ਟੈਸਟ ਕਿ ਤੁਹਾਡੇ ਫੇਫੜੇ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰ ਰਹੇ ਹਨ
- ਇਹ ਦੇਖਣ ਲਈ ਟੈਸਟ ਕਿ ਤੁਹਾਡਾ ਦਿਲ ਕਿੰਨੀ ਕੁ ਚੰਗੀ ਤਰ੍ਹਾਂ ਕੰਮ ਕਰ ਰਿਹਾ ਹੈ (ਇਲੈਕਟ੍ਰੋਕਾਰਡੀਓਗ੍ਰਾਮ)।

ਤੁਹਾਡੇ ਟੈਸਟ ਇਸ ਗੱਲ 'ਤੇ ਨਿਰਭਰ ਕਰਨਗੇ ਕਿ ਤੁਸੀਂ ਕਿਸ ਕਿਸਮ ਦਾ ਓਪਰੇਸ਼ਨ ਕਰਵਾ ਰਹੇ ਹੋ, ਅਤੇ ਕੀ ਤੁਹਾਨੂੰ ਕੋਈ ਹੋਰ ਸਿਹਤ ਸਮੱਸਿਆਵਾਂ ਹਨ।

## ਸਹਿਮਤੀ ਦੇਣਾ

ਇਹ ਬਹੁਤ ਜ਼ਰੂਰੀ ਹੈ ਕਿ ਤੁਸੀਂ ਆਪਣੇ ਓਪਰੇਸ਼ਨ ਬਾਰੇ ਸਭ ਕੁਝ ਸਮਝਦੇ ਹੋਵੋ। ਤੁਸੀਂ ਆਪਣੇ ਓਪਰੇਸ਼ਨ ਤੋਂ ਪਹਿਲਾਂ ਆਪਣੇ ਸਰਜਨ ਨਾਲ ਗੱਲ ਕਰ ਸਕੋਗੇ। ਜਦੋਂ ਤੁਸੀਂ ਸਰਜਨ ਨਾਲ ਗੱਲ ਕਰਦੇ ਹੋ, ਤਾਂ ਕਿਸੇ ਅਜਿਹੇ ਵਿਅਕਤੀ ਨੂੰ ਆਪਣੇ ਨਾਲ ਲੈ ਜਾਣਾ ਚੰਗਾ ਰਹਿੰਦਾ ਹੈ ਜੋ ਤੁਹਾਡੀ ਭਾਸ਼ਾ ਅਤੇ ਅੰਗ੍ਰੇਜ਼ੀ ਦੋਵੇਂ ਬੋਲਦਾ ਹੋਵੇ। ਹਸਪਤਾਲ ਵਿੱਚ ਦੁਭਾਸ਼ੀਏ ਉਪਲਬਧ ਹੋ ਸਕਦੇ ਹਨ ਪਰ ਜੇ ਤੁਹਾਨੂੰ ਦੁਭਾਸ਼ੀਆ ਚਾਹੀਦਾ ਹੈ ਤਾਂ ਇਸਦੇ ਲਈ ਪਹਿਲਾਂ ਤੋਂ ਹੀ ਬੇਨਤੀ ਕਰਨ ਦੀ ਕੋਸ਼ਿਸ਼ ਕਰੋ।

ਤੁਹਾਨੂੰ ਇੱਕ ਫ਼ਾਰਮ 'ਤੇ ਦਸਤਖਤ ਕਰਕੇ ਇਹ ਦੱਸਣ ਦੀ ਲੋੜ ਹੋਵੇਗੀ ਕਿ ਤੁਸੀਂ ਓਪਰੇਸ਼ਨ ਕਰਾਉਣ ਲਈ ਸਹਿਮਤ ਹੋ। ਇਸਨੂੰ ਸਹਿਮਤੀ ਦੇਣਾ ਕਿਹਾ ਜਾਂਦਾ ਹੈ। ਸਹਿਮਤੀ ਫ਼ਾਰਮ ਤੁਹਾਡੀ ਭਾਸ਼ਾ ਵਿੱਚ ਉਪਲਬਧ ਹੋਣੇ ਚਾਹੀਦੇ ਹਨ। ਇਸਦੇ ਬਿਨਾ ਤੁਸੀਂ ਓਪਰੇਸ਼ਨ ਨਹੀਂ ਕਰਵਾ ਸਕਦੇ ਹੋ।

ਸਰਜਰੀ ਕਰਾਉਣ ਬਾਰੇ ਕੁਝ ਚਿੰਤਾਵਾਂ ਹੋਣਾ ਸੁਭਾਵਕ ਜਿਹੀ ਗੱਲ ਹੈ। ਪਰਿਵਾਰ ਜਾਂ ਦੋਸਤਾਂ ਨੂੰ ਵੀ ਚਿੰਤਾ ਹੋ ਸਕਦੀ ਹੈ। ਆਪਣੇ ਸਰਜਨ ਜਾਂ ਨਰਸ ਨਾਲ ਗੱਲ ਕਰਕੇ ਮਦਦ ਮਿਲ ਸਕਦੀ ਹੈ। ਉਹ ਤੁਹਾਡੇ ਕਿਸੇ ਵੀ ਸਵਾਲ ਦਾ ਜਵਾਬ ਦੇ ਸਕਦੇ ਹਨ।

## ਬੇਹੋਸ਼ ਜਾਂ ਸੁੰਨ ਕਰਨ ਵਾਲੀ ਦਵਾਈ ਲੈਣਾ

ਕੁਝ ਲੋਕਾਂ ਨੂੰ ਉਨ੍ਹਾਂ ਦੇ ਓਪਰੇਸ਼ਨ ਤੋਂ ਪਹਿਲਾਂ ਬੇਹੋਸ਼ੀ ਦੀ ਦਵਾਈ ਦਿੱਤੀ ਜਾਂਦੀ ਹੈ। ਇਸਦਾ ਮਤਲਬ ਹੈ ਕਿ ਤੁਹਾਨੂੰ ਅਨੀਸਥੀਟਿਸਟ ਵਜੋਂ ਜਾਣੇ ਜਾਂਦੇ ਡਾਕਟਰ ਦੁਆਰਾ ਅਜਿਹੀਆਂ ਦਵਾਈਆਂ ਦਿੱਤੀਆਂ ਜਾਣਗੀਆਂ ਜੋ ਤੁਹਾਨੂੰ ਸਰਜਰੀ ਦੇ ਦੌਰਾਨ ਨੀਂਦ ਵਿੱਚ ਰਖਦੀਆਂ ਹਨ।

ਜਦੋਂ ਤੁਸੀਂ ਨੀਂਦ ਵਿੱਚ ਹੁੰਦੇ ਹੋ ਅਤੇ ਜਦੋਂ ਤੁਸੀਂ ਬੇਹੋਸ਼ੀ ਤੋਂ ਰਿਕਵਰ ਕਰ ਰਹੇ ਹੁੰਦੇ ਹੋ, ਉਸ ਦੌਰਾਨ ਅਨੀਸਥੀਟਿਸਟ ਤੁਹਾਡੀ ਦੇਖਭਾਲ ਕਰਦਾ ਹੈ। ਉਹ ਸਰਜਰੀ ਤੋਂ ਪਹਿਲਾਂ ਵੀ ਇਹ ਪੱਕਾ ਕਰਨ ਲਈ ਤੁਹਾਡੀ ਜਾਂਚ ਕਰ ਸਕਦਾ ਹੈ ਕਿ ਤੁਹਾਨੂੰ ਬੇਹੋਸ਼ੀ ਦੀ ਦਵਾਈ ਦੇਣਾ ਸੁਰੱਖਿਅਤ ਹੈ। ਅਨੀਸਥੀਟਿਸਟ ਤੁਹਾਨੂੰ ਦਰਦ ਲਈ ਦਵਾਈ ਵੀ ਦਿੰਦੇ ਹਨ।

ਹੋਰਾਂ ਲੋਕਾਂ ਨੂੰ ਐਪੀਡਿਊਰਲ, ਜਾਂ ਸਪਾਈਨਲ ਬਲਾਕ ਦਿੱਤਾ ਜਾ ਸਕਦਾ ਹੈ। ਇਹ ਇੱਕ ਇੰਜੈਕਸ਼ਨ ਹੈ ਜੋ ਤੁਹਾਡੀ ਪਿੱਠ ਵਿੱਚ ਲਗਾਇਆ ਜਾਂਦਾ ਹੈ। ਇਸਦਾ ਇਸਤੇਮਾਲ ਸਰੀਰ ਦੇ ਹੇਠਲੇ ਅੱਧੇ ਭਾਗ ਵਿੱਚ ਸਰਜਰੀ ਲਈ ਕੀਤਾ ਜਾ ਸਕਦਾ ਹੈ। ਤੁਸੀਂ ਜਾਗ ਰਹੇ ਹੁੰਦੇ ਹੋ ਪਰ ਤੁਹਾਨੂੰ ਕੁਝ ਵੀ ਮਹਿਸੂਸ ਨਹੀਂ ਹੁੰਦਾ ਹੈ। ਤੁਹਾਨੂੰ ਅਕਸਰ ਨੀਂਦ ਲਿਆਉਣ ਅਤੇ ਸ਼ਾਂਤ ਮਹਿਸੂਸ ਕਰਾਉਣ ਲਈ ਵੀ ਕੁਝ ਦਵਾਈ ਦਿੱਤੀ ਜਾਂਦੀ ਹੈ।

ਹੋ ਸਕਦਾ ਹੈ ਛੋਟਾ ਜਿਹਾ ਓਪਰੇਸ਼ਨ ਕਰਾਉਣ ਵਾਲੇ ਕੁਝ ਲੋਕਾਂ ਨੂੰ ਸਿਰਫ਼ ਸੁੰਨ ਕਰਨ ਵਾਲੀ ਦਵਾਈ ਦੀ ਲੋੜ ਹੋਵੇ। ਇਸਦਾ ਮਤਲਬ ਹੈ ਕਿ ਸਰੀਰ ਦੇ ਥੋੜ੍ਹੇ ਜਿਹੇ ਹਿੱਸੇ ਨੂੰ ਸੁੰਨ ਕਰਨ ਲਈ ਦਵਾਈਆਂ ਦਾ ਇਸਤੇਮਾਲ ਕੀਤਾ ਜਾਂਦਾ ਹੈ ਤਾਂ ਜੋ ਤੁਹਾਨੂੰ ਕੁਝ ਵੀ ਮਹਿਸੂਸ ਨਾ ਹੋ ਸਕੇ।

## ਤੁਹਾਡੇ ਓਪਰੇਸ਼ਨ ਵਾਲੇ ਦਿਨ

ਤੁਹਾਡੇ ਓਪਰੇਸ਼ਨ ਵਾਲੇ ਦਿਨ ਕੀ ਹੋਵੇਗਾ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਕਿਸਮ ਦੀ ਸਰਜਰੀ ਕਰਵਾ ਰਹੇ ਹੋ। ਜੇ ਤੁਹਾਨੂੰ ਆਪਣੀ ਸਰਜਰੀ ਦੀ ਤਿਆਰੀ ਕਰਨ ਵਾਸਤੇ ਕੁਝ ਕਰਨ ਦੀ ਲੋੜ ਹੋਈ ਤਾਂ ਤੁਹਾਨੂੰ ਦੱਸਿਆ ਜਾਵੇਗਾ।

ਤੁਹਾਨੂੰ ਸ਼ਾਇਦ ਇਹ ਕਿਹਾ ਜਾਵੇ ਕਿ:

- ਆਪਣੀ ਸਰਜਰੀ ਤੋਂ ਪਹਿਲਾਂ ਕੁਝ ਵੀ ਨਾ ਖਾਓ ਜਾਂ ਨਾ ਪੀਓ
- ਕੋਈ ਵੀ ਗਹਿਣੇ ਜਾਂ ਧਾਤ ਦੀਆਂ ਚੀਜ਼ਾਂ ਉਤਾਰ ਦਿਓ
- ਕੋਈ ਵੀ ਨੇਲ ਪਾਲਿਸ਼ ਜਾਂ ਮੇਕਅੱਪ ਉਤਾਰ ਦਿਓ
- ਆਪਣੇ ਓਪਰੇਸ਼ਨ ਵਾਲੇ ਦਿਨ ਸਵੇਰੇ ਸ਼ਾਵਰ ਲਓ ਜਾਂ ਨਹਾਓ।

ਨਰਸ ਦੁਆਰਾ ਤੁਹਾਨੂੰ ਓਪਰੇਸ਼ਨ ਤੋਂ ਪਹਿਲਾਂ ਉਸ ਜਗ੍ਹਾ ਤੋਂ ਸਰੀਰ ਦੇ ਵਾਲ ਸਾਫ਼ ਕਰਨ ਲਈ ਕਿਹਾ ਜਾ ਸਕਦਾ ਹੈ। ਉਹ ਤੁਹਾਨੂੰ ਦੱਸਣਗੇ ਕਿ ਤੁਹਾਨੂੰ ਕੀ ਕਰਨ ਦੀ ਲੋੜ ਹੈ। ਸਰੀਰ ਦੇ ਵਾਲਾਂ ਨੂੰ ਸਿਰਫ਼ ਲੋੜ ਪੈਣ 'ਤੇ ਹੀ ਸ਼ੇਵ ਕੀਤਾ ਜਾਂਦਾ ਹੈ। ਇਹ ਇੱਕ ਡਿਸਪੋਜ਼ੇਬਲ ਰੇਜ਼ਰ ਨਾਲ ਕੀਤਾ ਜਾਂਦਾ ਹੈ। ਓਪਰੇਸ਼ਨ ਤੋਂ ਬਾਅਦ ਵਾਲ ਫਿਰ ਤੋਂ ਉੱਗ ਆਉਣਗੇ।

ਸਰਜਰੀ ਕਰਾਉਣ ਨਾਲ ਖੂਨ ਦਾ ਥੱਕਾ ਬਣਨ ਦਾ ਖਤਰਾ ਵੱਧ ਸਕਦਾ ਹੈ। ਖਾਸ ਤਰ੍ਹਾਂ ਦੀਆਂ ਕੰਪਰੈਸ਼ਨ ਸਟੌਕਿੰਗਜ਼ ਪਹਿਨਣ ਨਾਲ ਇਸ ਖਤਰੇ ਨੂੰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ। ਹਸਪਤਾਲ ਵਿੱਚ ਵਾਰਡ ਵਿਖੇ ਮੌਜੂਦ ਨਰਸਾਂ ਸਹੀ ਸਾਈਜ਼ ਲੈਣ ਵਾਸਤੇ ਤੁਹਾਡੀਆਂ ਲੱਤਾਂ ਦਾ ਨਾਪ ਲੈਣਗੀਆਂ ਅਤੇ ਸਟੌਕਿੰਗਜ਼ ਪਹਿਨਣ ਵਿੱਚ ਤੁਹਾਡੀ ਮਦਦ ਕਰਨਗੀਆਂ। ਤੁਸੀਂ ਇਨ੍ਹਾਂ ਨੂੰ ਸਰਜਰੀ ਦੇ ਦੌਰਾਨ ਅਤੇ ਬਾਅਦ ਵਿੱਚ ਪਹਿਨਦੇ ਹੋ।

ਤੁਹਾਡੇ ਓਪਰੇਸ਼ਨ ਤੋਂ ਐਨ ਪਹਿਲਾਂ, ਤੁਹਾਨੂੰ ਆਮ ਤੌਰ 'ਤੇ ਆਪਣੀਆਂ ਐਨਕਾਂ, ਕੌਂਟੈਕਟ ਲੈਂਜ਼ ਜਾਂ ਡੈਂਚਰ (ਨਕਲੀ ਦੰਦ) ਉਤਾਰਨ ਲਈ ਕਿਹਾ ਜਾਵੇਗਾ। ਨਰਸਾਂ ਉਨ੍ਹਾਂ ਨੂੰ ਸੁਰੱਖਿਅਤ ਰੱਖਣਗੀਆਂ, ਅਤੇ ਤੁਸੀਂ ਹੋਸ਼ ਵਿੱਚ ਆਉਣ ਤੋਂ ਬਾਅਦ ਇਨ੍ਹਾਂ ਨੂੰ ਦੁਬਾਰਾ ਪਹਿਨ ਸਕਦੇ ਹੋ।

ਓਪਰੇਸ਼ਨ ਕਰਨ ਵਾਲੇ ਵਿਭਾਗ (ਥੀਏਟਰ) ਵਿੱਚ ਜਾਣ ਤੋਂ ਪਹਿਲਾਂ, ਤੁਸੀਂ ਇੱਕ ਗਾਊਨ ਪਹਿਨੋਗੇ। ਤੁਸੀਂ ਕਈ ਵਾਰ ਆਪਣਾ ਅੰਡਰਵੀਅਰ ਪਹਿਨੀ ਰੱਖ ਸਕਦੇ ਹੋ।

ਤੁਹਾਨੂੰ ਹਸਪਤਾਲ ਦੇ ਪੋਰਟਰ ਦੁਆਰਾ ਇੱਕ ਟ੍ਰਾਲੀ 'ਤੇ ਓਪਰੇਸ਼ਨ ਕਰਨ ਵਾਲੇ ਵਿਭਾਗ ਤੱਕ ਲਿਜਾਇਆ ਜਾ ਸਕਦਾ ਹੈ। ਹਸਪਤਾਲ ਦੇ ਵਾਰਡ ਤੋਂ ਕੋਈ ਜਣਾ ਤੁਹਾਡੇ ਨਾਲ ਜਾਵੇਗਾ।

## ਤੁਹਾਡੇ ਓਪਰੇਸ਼ਨ ਤੋਂ ਬਾਅਦ

ਜਦੋਂ ਤੁਹਾਨੂੰ ਸਰਜਰੀ ਤੋਂ ਬਾਅਦ ਪਹਿਲੀ ਵਾਰ ਹੋਸ਼ ਆਉਂਦੀ ਹੈ ਤਾਂ ਤੁਹਾਨੂੰ ਨੀਂਦ ਆਉਂਦੀ ਮਹਿਸੂਸ ਹੁੰਦੀ ਹੈ ਇਸ ਕਰਕੇ ਇਹ ਜਾਣਨ ਨਾਲ ਮਦਦ ਮਿਲ ਸਕਦੀ ਹੈ ਕਿ ਕੀ ਹੋ ਸਕਦਾ ਹੈ।

ਇੱਕ ਨਰਸ ਤੁਹਾਡਾ ਬਲੱਡ ਪ੍ਰੈਸ਼ਰ ਚੈੱਕ ਕਰੇਗੀ। ਤੁਹਾਨੂੰ ਸ਼ਾਇਦ ਆਪਣੀ ਬਾਂਹ 'ਤੇ ਬਲੱਡ ਪ੍ਰੈਸ਼ਰ ਵਾਲਾ ਮਾਨੀਟਰ ਕੱਸਦਾ ਹੋਇਆ ਮਹਿਸੂਸ ਹੋ ਸਕਦਾ ਹੈ। ਹੋਸ਼ ਵਿੱਚ ਆਉਣ 'ਤੇ ਤੁਹਾਡੇ ਚਿਹਰੇ ਉੱਪਰ ਇੱਕ ਆਕਸੀਜਨ ਵਾਲਾ ਮਾਸਕ ਹੋ ਸਕਦਾ ਹੈ।

ਤੁਹਾਡੇ ਸਰੀਰ ਨਾਲ ਕੁਝ ਟਿਊਬਾਂ ਵੀ ਜੁੜੀਆਂ ਹੋ ਸਕਦੀਆਂ ਹਨ। ਇਨ੍ਹਾਂ ਵਿੱਚ ਨਿਮਨਲਿਖਤ ਸ਼ਾਮਲ ਹੋ ਸਕਦੀਆਂ ਹਨ:

- ਨਾੜੀ ਵਿੱਚ ਉਦੋਂ ਤੱਕ ਤਰਲ ਪਦਾਰਥਾਂ ਦੀ ਇੱਕ ਡ੍ਰਿਪ, ਜਦ ਤੱਕ ਤੁਸੀਂ ਆਮ ਵਾਂਗ ਖਾਣ-ਪੀਣ ਦੇ ਯੋਗ ਨਹੀਂ ਹੋ ਜਾਂਦੇ – ਇਸ ਵਿੱਚ ਕੁਝ ਘੰਟੇ ਜਾਂ ਕੁਝ ਦਿਨ ਲੱਗ ਸਕਦੇ ਹਨ
- ਤੁਹਾਨੂੰ ਦਰਦ ਅਤੇ ਕਚਿਆਣ ਲਈ ਦਵਾਈਆਂ ਦੇਣ ਵਾਸਤੇ ਨਾੜੀ ਵਿੱਚ ਇੱਕ ਛੋਟੀ, ਪਤਲੀ ਜਿਹੀ ਟਿਊਬ – ਇਹ ਉਦੋਂ ਤੱਕ ਲੱਗੀ ਰਹਿੰਦੀ ਹੈ ਜਦ ਤੱਕ ਤੁਸੀਂ ਗੋਲੀਆਂ ਲੈਣ ਦੇ ਯੋਗ ਨਹੀਂ ਹੋ ਜਾਂਦੇ
- ਜਿਸ ਜਗ੍ਹਾ 'ਤੇ ਓਪਰੇਸ਼ਨ ਹੋਇਆ ਸੀ, ਉੱਥੇ ਇੱਕ ਟਿਊਬ ਤਾਂ ਜੋ ਉੱਥੋਂ ਤਰਲ ਪਦਾਰਥ ਨੂੰ ਇੱਕ ਛੋਟੀ ਸ਼ੀਸ਼ੀ ਵਿੱਚ ਬਾਹਰ ਕੱਢਿਆ ਜਾ ਸਕੇ – ਇਸਨੂੰ ਅਕਸਰ ਕੁਝ ਦਿਨਾਂ ਮਗਰੋਂ ਹਟਾ ਦਿੱਤਾ ਜਾਂਦਾ ਹੈ
- ਇੱਕ ਛੋਟੀ ਟਿਊਬ ਜਿਸਨੂੰ ਤੁਹਾਡੇ ਬਲੈਡਰ (ਮਸਾਨੇ) ਵਿੱਚ ਪਾਇਆ ਜਾਂਦਾ ਹੈ ਤਾਂ ਜੋ ਪਿਸ਼ਾਬ ਨੂੰ ਬਾਹਰ ਇੱਕ ਥੈਲੀ ਵਿੱਚ ਕੱਢਿਆ ਜਾ ਸਕੇ। ਇਸਨੂੰ ਕੈਥਿਟਰ ਕਹਿੰਦੇ ਹਨ।

**ਦਰਦ**
ਸਰਜਰੀ ਤੋਂ ਬਾਅਦ ਥੋੜ੍ਹਾ ਦਰਦ ਹੋਣਾ ਆਮ ਗੱਲ ਹੈ। ਇਸਨੂੰ ਅਕਸਰ ਦਰਦ ਦੀ ਦਵਾਈ ਨਾਲ ਬਹੁਤ ਵਧੀਆ ਕੰਟਰੋਲ ਕੀਤਾ ਜਾ ਸਕਦਾ ਹੈ। ਜੇ ਤੁਹਾਨੂੰ ਕੋਈ ਦਰਦ ਹੈ, ਤਾਂ ਤੁਹਾਡੀ ਦੇਖਭਾਲ ਕਰ ਰਹੀ ਨਰਸ ਨੂੰ ਦੱਸੋ।

ਆਮ ਤੌਰ 'ਤੇ ਸਮੇਂ ਦੇ ਨਾਲ ਦਰਦ ਵਿੱਚ ਸੁਧਾਰ ਹੋ ਜਾਵੇਗਾ। ਜੇ ਤੁਹਾਡੀਆਂ ਦਵਾਈਆਂ ਨਾਲ ਤੁਹਾਨੂੰ ਦਰਦ ਵਿੱਚ ਕੋਈ ਮਦਦ ਨਹੀਂ ਮਿਲ ਰਹੀ ਹੈ, ਤਾਂ ਆਪਣੇ ਡਾਕਟਰ ਨੂੰ ਦੱਸੋ। ਉਹ ਤੁਹਾਡੀ ਦਵਾਈ ਵਿੱਚ ਬਦਲਾਅ ਕਰ ਸਕਦਾ ਹੈ।

**ਜੀਅ ਕੱਚਾ ਹੋਣਾ ਜਾਂ ਉਲਟੀ ਆਉਣਾ**
ਜੇ ਆਪਣੇ ਓਪਰੇਸ਼ਨ ਤੋਂ ਬਾਅਦ ਤੁਹਾਡਾ ਜੀਅ ਕੱਚਾ ਹੁੰਦਾ ਹੈ, ਤਾਂ ਤੁਹਾਡੀ ਦੇਖਭਾਲ ਕਰ ਰਹੀ ਨਰਸ ਨੂੰ ਦੱਸੋ। ਉਹ ਤੁਹਾਨੂੰ ਇਸ ਵਿੱਚ ਮਦਦ ਲਈ ਦਵਾਈਆਂ ਦੇ ਸਕਦੀ ਹੈ।

**ਤੁਰਨਾ-ਫਿਰਨਾ**
ਤੁਸੀਂ ਆਪਣੇ ਆਪਰੇਸ਼ਨ ਤੋਂ ਬਾਅਦ ਛੇਤੀ ਹੀ ਬਿਸਤਰੇ ਤੋਂ ਉੱਠਣ ਦੇ ਕਾਬਲ ਹੋ ਜਾਓਗੇ। ਹੋ ਸਕਦਾ ਹੈ ਤੁਹਾਨੂੰ ਇਸ ਬਾਰੇ ਫ਼ਿਕਰ ਹੋਵੇ ਪਰ ਨਰਸਾਂ ਇਸ ਵਿੱਚ ਤੁਹਾਡੀ ਮਦਦ ਕਰਨਗੀਆਂ। ਤੁਰਨ-ਫਿਰਨ ਨਾਲ ਤੁਹਾਨੂੰ ਵਧੇਰੇ ਜਲਦੀ ਠੀਕ ਹੋਣ ਵਿੱਚ ਮਦਦ ਮਿਲੇਗੀ ਅਤੇ ਖੂਨ ਦਾ ਥੱਕਾ ਬਣਨ ਜਾਂ ਛਾਤੀ ਦਾ ਇਨਫ਼ੈਕਸ਼ਨ ਹੋਣ ਵਰਗੀਆਂ ਸਮੱਸਿਆਵਾਂ ਦਾ ਖਤਰਾ ਵੀ ਘੱਟ ਜਾਵੇਗਾ।

ਕਈ ਵਾਰ, ਵੱਡੇ ਓਪਰੇਸ਼ਨ ਤੋਂ ਬਾਅਦ ਤੁਹਾਨੂੰ ਵਧੇਰੇ ਲੰਬੇ ਸਮੇਂ ਲਈ ਬਿਸਤਰੇ 'ਤੇ ਰਹਿਣਾ ਪੈ ਸਕਦਾ ਹੈ। ਸਾਹ ਲੈਣ ਵਾਲੀਆਂ ਕਸਰਤਾਂ ਅਤੇ ਲੱਤਾਂ ਦੀਆਂ ਕਸਰਤਾਂ ਨਾਲ ਸਰਜਰੀ ਤੋਂ ਬਾਅਦ ਸਮੱਸਿਆਵਾਂ ਹੋਣ ਦਾ ਖਤਰਾ ਘੱਟ ਸਕਦਾ ਹੈ। ਤੁਹਾਡੀ ਨਰਸ ਜਾਂ ਇੱਕ ਫਿਜ਼ੀਓਥੈਰੇਪਿਸਟ ਤੁਹਾਨੂੰ ਇਹ ਕਸਰਤਾਂ ਸਿਖਾਉਣਗੇ। ਫਿਜ਼ੀਓਥੈਰੇਪਿਸਟ ਉਹ ਪੇਸ਼ੇਵਰ ਹੁੰਦਾ ਹੈ ਜੋ ਕਿਸੇ ਵਿਅਕਤੀ ਦੀ ਬਿਮਾਰੀ ਜਾਂ ਸੱਟ ਤੋਂ ਚੰਗਾ ਹੋਣ ਵਿੱਚ ਹਿੱਲਣ-ਡੁੱਲਣ ਜਾਂ ਕਸਰਤ ਦਾ ਇਸਤੇਮਾਲ ਕਰਕੇ ਮਦਦ ਕਰਦਾ ਹੈ।

ਤੁਹਾਡੇ ਓਪਰੇਸ਼ਨ ਮਗਰੋਂ ਕੁਝ ਦਿਨਾਂ ਤੱਕ, ਤੁਹਾਨੂੰ ਸ਼ਾਇਦ ਨਹਾਉਣ-ਧੋਣ ਅਤੇ ਟਾਇਲਟ ਜਾਣ ਲਈ ਥੋੜ੍ਹੀ ਮਦਦ ਦੀ ਲੋੜ ਪੈ ਸਕਦੀ ਹੈ। ਜੇ ਤੁਸੀਂ ਕਿਸੇ ਵੱਖਰੇ ਲਿੰਗ ਜਾਂ ਜਿਨਸ ਦੀ/ਦੇ ਨਰਸ ਤੋਂ ਮਦਦ ਲੈਣੀ ਚਾਹੋਗੇ ਤਾਂ ਆਪਣੀ/ਆਪਣੇ ਨਰਸ ਨਾਲ ਗੱਲ ਕਰੋ।

ਹਰ ਵਿਅਕਤੀ ਓਪਰੇਸ਼ਨ ਤੋਂ ਬਾਅਦ ਵੱਖਰੇ ਢੰਗ ਨਾਲ ਠੀਕ ਹੁੰਦਾ ਹੈ। ਤੁਹਾਨੂੰ ਬਾਅਦ ਵਿੱਚ ਕੁਝ ਸਮੇਂ ਤੱਕ ਥਕਾਵਟ ਮਹਿਸੂਸ ਹੋ ਸਕਦੀ ਹੈ। ਕੁਝ ਲੋਕ ਛੇਤੀ ਹੀ ਬਿਹਤਰ ਮਹਿਸੂਸ ਕਰਨ ਲੱਗਦੇ ਹਨ, ਜਦਕਿ ਦੂਜਿਆਂ ਨੂੰ ਵਧੇਰੇ ਲੰਬਾ ਸਮਾਂ ਲੱਗ ਸਕਦਾ ਹੈ। ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਕਿਸ ਕਿਸਮ ਦਾ ਓਪਰੇਸ਼ਨ ਹੋਇਆ ਹੈ।

**ਜ਼ਖਮ ਦੀ ਦੇਖਭਾਲ**
ਤੁਹਾਡਾ ਸਰਜਨ ਤੁਹਾਡੇ ਜ਼ਖਮ ਨੂੰ ਕਲਿੱਪਾਂ ਜਾਂ ਟਾਂਕਿਆਂ ਨਾਲ ਬੰਦ ਕਰੇਗਾ। ਇਨ੍ਹਾਂ ਨੂੰ ਹਸਪਤਾਲ ਵਿੱਚ ਕਿਸੇ ਨਰਸ ਦੁਆਰਾ ਜਾਂ ਘਰ ਵਿੱਚ ਕਿਸੇ ਕਮਿਉਨਿਟੀ ਜਾਂ ਪ੍ਰੈਕਟਿਸ ਨਰਸ ਦੁਆਰਾ ਖੋਲ੍ਹਿਆ ਜਾਵੇਗਾ।

ਕੁਝ ਸਰਜਨ ਅਜਿਹੇ ਟਾਂਕਿਆਂ ਦਾ ਇਸਤੇਮਾਲ ਕਰਦੇ ਹਨ ਜੋ ਘੁਲ ਜਾਂਦੇ ਹਨ ਅਤੇ ਇਨ੍ਹਾਂ ਨੂੰ ਖੋਲ੍ਹਣ ਦੀ ਲੋੜ ਨਹੀਂ ਹੁੰਦੀ ਹੈ। ਇਹ ਉਸ ਜਗ੍ਹਾ ਦੇ ਠੀਕ ਹੋਣ 'ਤੇ ਗਾਇਬ ਹੋ ਜਾਣਗੇ। ਤੁਹਾਡੀ ਨਰਸ ਤੁਹਾਨੂੰ ਦੱਸੇਗੀ ਕਿ ਤੁਹਾਨੂੰ ਕਿਸ ਕਿਸਮ ਦੇ ਟਾਂਕੇ ਲੱਗੇ ਹਨ।

ਤੁਹਾਡੇ ਜ਼ਖਮ ਨੂੰ ਢੱਕਣ ਲਈ ਤੁਹਾਡੇ ਪੱਟੀ ਜਾਂ ਪੈਡ ਲੱਗਿਆ ਹੋ ਸਕਦਾ ਹੈ। ਨਰਸ ਤੁਹਾਨੂੰ ਦੱਸੇਗੀ ਕਿ ਤੁਸੀਂ ਆਪਣੇ ਜ਼ਖਮ ਦੀ ਦੇਖਭਾਲ ਕਿਵੇਂ ਕਰਨੀ ਹੈ। ਉਹ ਤੁਹਾਡੇ ਨਾਲ ਇਨਫ਼ੈਕਸ਼ਨ ਦੇ ਲੱਛਣਾਂ 'ਤੇ ਨਜ਼ਰ ਰੱਖਣ ਬਾਰੇ ਵੀ ਗੱਲ ਕਰੇਗੀ।

ਇਨਫ਼ੈਕਸ਼ਨ ਦੇ ਲੱਛਣਾਂ ਵਿੱਚ ਇਹ ਸ਼ਾਮਲ ਹੋ ਸਕਦੇ ਹਨ:

- ਗਰਮੀ, ਦਰਦ, ਸੋਜਸ਼, ਲਾਲੀ ਜਾਂ ਚਮੜੀ ਦੇ ਰੰਗ ਦਾ ਗੂੜ੍ਹਾ ਹੋਣਾ। ਇਹ ਜ਼ਖਮ ਦੇ ਉੱਪਰ, ਖਰੀਂਢ ਦੇ ਆਲੇ-ਦੁਆਲੇ, ਜਾਂ ਦੋਵੇਂ ਥਾਂਵਾਂ 'ਤੇ ਹੋ ਸਕਦਾ ਹੈ।
- ਜ਼ਖਮ ਤੋਂ ਤਰਲ ਪਦਾਰਥ ਦਾ ਵਗਣਾ (ਪੀਕ), ਜਿਸ ਤੋਂ ਬੋ ਆ ਸਕਦੀ ਹੈ
- 37.5°C ਤੋਂ ਵੱਧ ਜਾਂ 99.5°F ਤੋਂ ਵੱਧ ਤਾਪਮਾਨ (ਬੁਖਾਰ)
- ਕੰਬਣੀ ਮਹਿਸੂਸ ਕਰਨਾ ਅਤੇ ਡਾਵਾਂਡੋਲ ਹੋਣਾ
- ਤਾਪਮਾਨ ਨਾਰਮਲ ਹੋਣ ਦੇ ਬਾਵਜੂਦ ਵੀ, ਆਮ ਤੌਰ 'ਤੇ ਠੀਕ ਮਹਿਸੂਸ ਨਾ ਕਰਨਾ।

ਜੇ ਤੁਹਾਨੂੰ ਇਨਫ਼ੈਕਸ਼ਨ ਦੇ ਕੋਈ ਵੀ ਲੱਛਣ ਮੌਜੂਦ ਹਨ, ਤਾਂ ਫ਼ੌਰਨ ਤੁਹਾਨੂੰ ਦਿੱਤੇ ਗਏ ਫ਼ੋਨ ਨੰਬਰ 'ਤੇ ਆਪਣੇ ਡਾਕਟਰ ਜਾਂ ਨਰਸ ਨਾਲ ਸੰਪਰਕ ਕਰੋ।

ਉਹ ਜ਼ਖਮ ਦੀ ਜਾਂਚ ਕਰਨਗੇ ਅਤੇ ਪੜਤਾਲ ਕਰਨ ਲਈ ਭੇਜਣ ਵਾਸਤੇ ਜ਼ਖਮ ਤੋਂ ਫੰਬੇ ਨਾਲ ਨਮੂਨਾ ਵੀ ਲੈ ਸਕਦੇ ਹਨ। ਉਹ ਐਂਟੀਬਾਇਓਟਿਕ ਦਵਾਈਆਂ ਲਿਖ ਕੇ ਦੇ ਸਕਦੇ ਹਨ।

### ਖਰੀਂਢ

ਤੁਹਾਡੇ ਖਰੀਂਢ 'ਤੇ ਸ਼ੁਰੂ-ਸ਼ੁਰੂ ਵਿੱਚ ਖਾਰਸ਼ ਹੋ ਸਕਦੀ ਹੈ। ਜੇ ਤੁਹਾਡੀ ਚਮੜੀ ਗੋਰੀ ਹੈ ਤਾਂ ਇਹ ਲਾਲ ਹੋ ਸਕਦਾ ਹੈ, ਜਾਂ ਜੇ ਤੁਹਾਡੀ ਚਮੜੀ ਕਾਲੀ ਜਾਂ ਭੂਰੇ ਰੰਗ ਦੀ ਹੈ ਤਾਂ ਇਹ ਜ਼ਿਆਦਾ ਗੂੜ੍ਹੇ ਰੰਗ ਦਾ ਹੋ ਸਕਦਾ ਹੈ। ਸਮੇਂ ਦੇ ਨਾਲ, ਇਹ ਆਮ ਤੌਰ 'ਤੇ ਫਿੱਕਾ ਪੈ ਜਾਵੇਗਾ, ਪਰ ਹੋ ਸਕਦਾ ਹੈ ਕਿ ਇਹ ਹਮੇਸ਼ਾ ਨਾ ਹੋਵੇ।

## ਲੰਬੇ ਸਮੇਂ ਦੇ ਪ੍ਰਭਾਵ

ਬਹੁਤ ਸਾਰੇ ਲੋਕ ਸਰਜਰੀ ਤੋਂ ਵਧੀਆ ਢੰਗ ਨਾਲ ਠੀਕ ਹੋ ਜਾਂਦੇ ਹਨ, ਪਰ ਕੁਝ ਲੋਕਾਂ ਨੂੰ ਲੰਬੇ ਸਮੇਂ ਦੀਆਂ ਸਮੱਸਿਆਵਾਂ ਹੁੰਦੀਆਂ ਹਨ। ਡਾਕਟਰ ਜਾਂ ਨਰਸਾਂ ਤੁਹਾਡੇ ਓਪਰੇਸ਼ਨ ਤੋਂ ਪਹਿਲਾਂ ਤੁਹਾਡੇ ਨਾਲ ਇਸ ਬਾਰੇ ਗੱਲ ਕਰਨਗੇ ਤਾਂ ਜੋ ਤੁਹਾਨੂੰ ਪਤਾ ਹੋਵੇ ਕਿ ਕੀ ਹੋ ਸਕਦਾ ਹੈ। ਜੇ ਤੁਹਾਨੂੰ ਇਨ੍ਹਾਂ ਵਿੱਚੋਂ ਕਿਸੇ ਵੀ ਸਮੱਸਿਆ ਬਾਰੇ ਚਿੰਤਾ ਹੈ ਤਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ। ਆਮ ਤੌਰ 'ਤੇ ਅਜਿਹੀਆਂ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਨਾਲ ਮਦਦ ਮਿਲ ਸਕਦੀ ਹੈ।

### ਬੱਚੇ ਪੈਦਾ ਕਰਨ ਦੀ ਸਮਰੱਥਾ

ਕੁਝ ਓਪਰੇਸ਼ਨ ਤੁਹਾਡੀ ਬੱਚੇ ਪੈਦਾ ਕਰਨ ਦੀ ਸਮਰੱਥਾ ਨੂੰ ਪ੍ਰਭਾਵਤ ਕਰ ਸਕਦੇ ਹਨ, ਜਿਵੇਂ ਕਿ ਆਪਣੀ ਬੱਚੇਦਾਨੀ ਨੂੰ ਕਢਵਾਉਣਾ। ਜੇ ਤੁਹਾਨੂੰ ਇਸ ਬਾਰੇ ਚਿੰਤਾ ਹੈ, ਤਾਂ ਆਪਣਾ ਇਲਾਜ ਸ਼ੁਰੂ ਹੋਣ ਤੋਂ ਪਹਿਲਾਂ ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ।

### ਲਿੰਫੋਡੀਮਾ

ਜੇ ਤੁਹਾਡੀਆਂ ਲਿੰਫ ਗੰਢਾਂ ਨੂੰ ਕੱਢ ਦਿੱਤਾ ਗਿਆ ਹੈ ਤਾਂ ਤੁਹਾਨੂੰ ਸੋਜਸ਼ ਹੋ ਸਕਦੀ ਹੈ ਜਿਸਨੂੰ ਲਿੰਫੋਡੀਮਾ ਕਿਹਾ ਜਾਂਦਾ ਹੈ। ਲਿੰਫ ਗੰਢਾਂ ਸਰੀਰ ਵਿੱਚੋਂ ਤਰਲ ਪਦਾਰਥਾਂ ਨੂੰ ਬਾਹਰ ਕਢਦੀਆਂ ਹਨ। ਇਨ੍ਹਾਂ ਨੂੰ ਕੱਢ ਦੇਣ ਨਾਲ ਤਰਲ ਪਦਾਰਥ ਜਮ੍ਹਾਂ ਹੋ ਸਕਦੇ ਹਨ। ਉਦਾਹਰਣ ਵਜੋਂ ਇਹ ਉਸ ਬਾਂਹ ਜਾਂ ਲੱਤ ਵਿੱਚ ਹੋ ਸਕਦਾ ਹੈ ਜਿੱਥੋਂ ਲਿੰਫ ਗੰਢਾਂ ਨੂੰ ਕੱਢਿਆ ਗਿਆ ਹੈ। ਜੇ ਤੁਹਾਨੂੰ ਕੋਈ ਸੋਜਸ਼ ਦਿਖਾਈ ਦੇਵੇ ਤਾਂ ਆਪਣੇ ਡਾਕਟਰ ਨਾਲ ਸੰਪਰਕ ਕਰੋ। ਇਸਦਾ ਇਲਾਜ ਛੇਤੀ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ।

### ਮਰਦਾਂ ਵਿੱਚ ਨਪੁੰਸਕਤਾ

ਜਨਮ ਸਮੇਂ ਮਰਦ ਦੱਸੇ ਗਏ ਲੋਕਾਂ ਵਿੱਚ, ਪ੍ਰੋਸਟੇਟ ਗ੍ਰੰਥੀ ਨੂੰ ਕਢਵਾਉਣ ਦੀ ਸਰਜਰੀ ਕਰਕੇ ਬਲੈਡਰ (ਮਸਾਨੇ) ਨਾਲ ਸਬੰਧਤ ਸਮੱਸਿਆਵਾਂ ਹੋ ਸਕਦੀਆਂ ਹਨ, ਜਾਂ ਇਰੈਕਸ਼ਨ ਹੋਣ ਭਾਵ ਲਿੰਗ ਖੜ੍ਹਾ ਹੋਣ ਵਿੱਚ ਮੁਸ਼ਕਲ ਹੋ ਸਕਦੀ ਹੈ। ਇਸਨੂੰ ਮਰਦਾਂ ਵਿੱਚ ਨਪੁੰਸਕਤਾ (erectile dysfunction) ਕਿਹਾ ਜਾਂਦਾ ਹੈ।

## ਸਰੀਰਕ ਅਤੇ ਭਾਵਨਾਤਮਕ ਤਬਦੀਲੀਆਂ

ਓਪਰੇਸ਼ਨ ਤੋਂ ਰਿਕਵਰ ਕਰਨ ਵਿੱਚ ਥੋੜ੍ਹਾ ਜਿਹਾ ਸਮਾਂ ਲੱਗ ਸਕਦਾ ਹੈ। ਬਹੁਤ ਸਾਰੇ ਲੋਕਾਂ ਨੂੰ ਨਿਰਾਸ਼ਾਜਨਕ ਲੱਗਦਾ ਹੈ। ਜਦੋਂ ਤੁਸੀਂ ਥੱਕੇ ਹੋਏ ਮਹਿਸੂਸ ਕਰਦੇ ਹੋ ਤਾਂ ਅਰਾਮ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। ਸਹਿਜੇ-ਸਹਿਜੇ ਆਪਣੀ ਤਾਕਤ ਵਧਾਉਣ ਦੀ ਕੋਸ਼ਿਸ਼ ਕਰੋ। ਜਦੋਂ ਤੁਸੀਂ ਆਪਣੇ ਆਪ ਨੂੰ ਯੋਗ ਮਹਿਸੂਸ ਕਰਦੇ ਹੋ, ਤਾਂ ਛੋਟੀ-ਮੋਟੀ ਟਹਿਲਕਦਮੀ ਵਰਗੀ ਹਲਕੀ ਕਸਰਤ ਕਰਨ ਨਾਲ ਤੁਹਾਨੂੰ ਵਧੇਰੇ ਊਰਜਾ ਮਿਲ ਸਕਦੀ ਹੈ।

ਕੁਝ ਲੋਕਾਂ ਨੂੰ ਸਰਜਰੀ ਕਰਕੇ ਹੋਣ ਵਾਲੀਆਂ ਵੱਖ-ਵੱਖ ਤਰ੍ਹਾਂ ਦੀਆਂ ਤਬਦੀਲੀਆਂ ਨਾਲ ਤਾਲਮੇਲ ਬਿਠਾਉਣਾ ਮੁਸ਼ਕਲ ਲੱਗ ਸਕਦਾ ਹੈ।

ਕੁਝ ਓਪਰੇਸ਼ਨ ਤੁਹਾਡੇ ਸਰੀਰ ਦੀ ਦਿੱਖ ਜਾਂ ਤੁਹਾਡੇ ਸਰੀਰ ਦੇ ਕੰਮ ਕਰਨ ਦੇ ਤਰੀਕੇ ਨੂੰ ਹੀ ਬਦਲ ਦਿੰਦੇ ਹਨ। ਇਨ੍ਹਾਂ ਤਬਦੀਲੀਆਂ ਕਰਕੇ ਤੁਸੀਂ ਪਰੇਸ਼ਾਨ ਮਹਿਸੂਸ ਕਰ ਸਕਦੇ ਹੋ। ਇਨ੍ਹਾਂ ਨਾਲ ਤੁਹਾਡੀ ਆਪਣੇ ਬਾਰੇ ਸੋਚ 'ਤੇ ਅਸਰ ਪੈ ਸਕਦਾ ਹੈ।

ਬਹੁਤ ਸਾਰਾ ਸਹਿਯੋਗ ਉਪਲਬਧ ਹੈ, ਇਸ ਲਈ ਜੇ ਤੁਹਾਨੂੰ ਅਜਿਹਾ ਮਹਿਸੂਸ ਹੁੰਦਾ ਹੈ ਤਾਂ ਕਿਰਪਾ ਕਰਕੇ ਆਪਣੇ ਨਰਸ ਜਾਂ ਡਾਕਟਰ ਨਾਲ ਗੱਲ ਕਰੋ। ਉਹ ਤੁਹਾਡੀ ਮਦਦ ਕਰ ਸਕਣਗੇ ਜਾਂ ਤੁਹਾਡੇ ਲਈ ਕਿਸੇ ਕਾਊਂਸਲਰ ਨਾਲ ਮਿਲਣ ਦਾ ਪ੍ਰਬੰਧ ਕਰ ਸਕਦੇ ਹਨ। ਕਾਊਂਸਲਰ ਇੱਕ ਅਜਿਹਾ ਪੇਸ਼ੇਵਰ ਹੁੰਦਾ ਹੈ ਜੋ ਲੋਕਾਂ ਦੀਆਂ ਭਾਵਨਾਵਾਂ ਜਾਂ ਨਿੱਜੀ ਸਮੱਸਿਆਵਾਂ ਨਾਲ ਨਿਪਟਣ ਵਿੱਚ ਉਨ੍ਹਾਂ ਦੀ ਮਦਦ ਕਰਨ ਲਈ ਸਿਖਲਾਈ ਪ੍ਰਾਪਤ ਹੁੰਦਾ ਹੈ। ਤੁਸੀਂ ਮੈਕਮਿਲਨ (Macmillan) ਸਪੋਰਟ ਲਾਈਨ ਨੂੰ **0808 808 00 00** 'ਤੇ ਮੁਫ਼ਤ ਵਿੱਚ ਕਾਲ ਵੀ ਕਰ ਸਕਦੇ ਹੋ ਅਤੇ ਸਾਡੀ ਕਿਸੇ ਨਰਸ ਨਾਲ ਗੱਲ ਕਰ ਸਕਦੇ ਹੋ। ਜੇ ਤੁਹਾਨੂੰ ਲੋੜ ਹੋਵੇ ਤਾਂ ਤੁਸੀਂ ਇੱਕ ਦੁਭਾਸ਼ੀਏ ਦੀ ਮੰਗ ਕਰ ਸਕਦੇ ਹੋ।

## ਆਪਣੇ ਲਈ ਸਹੀ ਦੇਖਭਾਲ ਅਤੇ ਸਹਿਯੋਗ ਪ੍ਰਾਪਤ ਕਰਨਾ

ਜੇ ਤੁਹਾਨੂੰ ਕੈਂਸਰ ਹੈ ਅਤੇ ਤੁਸੀਂ ਅੰਗ੍ਰੇਜ਼ੀ ਨਹੀਂ ਬੋਲ ਸਕਦੇ ਹੋ, ਤਾਂ ਤੁਹਾਨੂੰ ਸ਼ਾਇਦ ਇਹ ਚਿੰਤਾ ਹੋਵੇ ਕਿ ਇਸਦਾ ਅਸਰ ਤੁਹਾਡੇ ਕੈਂਸਰ ਦੇ ਇਲਾਜ ਅਤੇ ਦੇਖਭਾਲ ਉੱਪਰ ਪਵੇਗਾ। ਪਰ ਤੁਹਾਡੀ ਸਿਹਤ-ਸੰਭਾਲ ਟੀਮ ਨੂੰ ਤੁਹਾਨੂੰ ਅਜਿਹੀ ਦੇਖਭਾਲ, ਸਹਿਯੋਗ ਅਤੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਜੋ ਤੁਹਾਡੀਆਂ ਲੋੜਾਂ ਨੂੰ ਪੂਰਾ ਕਰਦੀ ਹੋਵੇ।

ਸਾਨੂੰ ਪਤਾ ਹੈ ਕਿ ਕਈ ਵਾਰ ਲੋਕਾਂ ਨੂੰ ਸਹੀ ਸਹਿਯੋਗ ਪ੍ਰਾਪਤ ਕਰਨ ਵਿੱਚ ਸ਼ਾਇਦ ਵਾਧੂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਦਾਹਰਣ ਲਈ, ਜੇ ਤੁਸੀਂ ਨੌਕਰੀ ਕਰਦੇ ਹੋ ਜਾਂ ਤੁਹਾਡਾ ਪਰਿਵਾਰ ਹੈ ਤਾਂ ਤੁਹਾਨੂੰ ਸ਼ਾਇਦ ਪੈਸੇ ਅਤੇ ਆਵਾਜਾਈ ਦੇ ਖਰਚਿਆਂ ਬਾਰੇ ਚਿੰਤਾਵਾਂ ਵੀ ਹੋ ਸਕਦੀਆਂ ਹਨ। ਇਹ ਸਭ ਕੁਝ ਤਣਾਅ ਭਰਿਆ ਹੋ ਸਕਦਾ ਹੈ ਅਤੇ ਇਸ ਨਾਲ ਨਿਪਟਣਾ ਔਖਾ ਹੋ ਸਕਦਾ ਹੈ।

## ਮੈਕਮਿਲਨ (Macmillan) ਤੁਹਾਡੀ ਮਦਦ ਕਿਵੇਂ ਕਰ ਸਕਦੀ ਹੈ

ਮੈਕਮਿਲਨ (Macmillan) ਵਿਖੇ, ਸਾਨੂੰ ਪਤਾ ਹੈ ਕਿ ਕੈਂਸਰ ਰੋਗ ਦੀ ਪਛਾਣ ਹੋਣ ਨਾਲ ਕਿਸ ਤਰ੍ਹਾਂ ਹਰ ਚੀਜ਼ ਉੱਪਰ ਅਸਰ ਪੈ ਸਕਦਾ ਹੈ, ਅਤੇ ਅਸੀਂ ਤੁਹਾਡੀ ਸਹਾਇਤਾ ਲਈ ਇੱਥੇ ਮੌਜੂਦ ਹਾਂ।

**ਮੈਕਮਿਲਨ (Macmillan) ਸਪੋਰਟ ਲਾਈਨ**
ਸਾਡੇ ਕੋਲ ਦੁਭਾਸ਼ੀਏ ਹਨ, ਇਸ ਲਈ ਤੁਸੀਂ ਸਾਡੇ ਨਾਲ ਆਪਣੀ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ। ਬੱਸ ਸਾਨੂੰ ਅੰਗ੍ਰੇਜ਼ੀ ਵਿੱਚ ਦੱਸੋ ਕਿ ਤੁਸੀਂ ਕਿਹੜੀ ਭਾਸ਼ਾ ਵਰਤਣਾ ਚਾਹੁੰਦੇ ਹੋ।

ਮੈਕਮਿਲਨ (Macmillan) ਸਪੋਰਟ ਲਾਈਨ 'ਤੇ ਸਾਡੇ ਮਾਹਰ ਸਲਾਹਕਾਰ ਤੁਹਾਡੇ ਚਿਕਿਤਸਾ ਸਬੰਧੀ ਸਵਾਲਾਂ ਵਿੱਚ ਮਦਦ ਕਰ ਸਕਦੇ ਹਨ ਜਾਂ ਜੇ ਤੁਹਾਨੂੰ ਕਿਸੇ ਨਾਲ ਗੱਲ ਕਰਨ ਦੀ ਲੋੜ ਹੈ ਤਾਂ ਉਹ ਤੁਹਾਡੀ ਗੱਲ ਸੁਣਨ ਲਈ ਹਾਜ਼ਰ ਹਨ। ਅਸੀਂ ਤੁਹਾਡੀਆਂ ਪੈਸੇ ਸਬੰਧੀ ਚਿੰਤਾਵਾਂ ਬਾਰੇ ਵੀ ਤੁਹਾਡੇ ਨਾਲ ਗੱਲ ਕਰ ਸਕਦੇ ਹਾਂ ਅਤੇ ਤੁਹਾਨੂੰ ਅਜਿਹੇ ਹੋਰ ਲਾਹੇਵੰਦ ਸੰਗਠਨਾਂ ਦਾ ਸੁਝਾਅ ਦੇ ਸਕਦੇ ਹਾਂ ਜੋ ਤੁਹਾਡੀ ਮਦਦ ਕਰ ਸਕਦੇ ਹਨ। ਮੁਫ਼ਤ, ਗੁਪਤ ਫ਼ੋਨ ਲਾਈਨ ਹਫ਼ਤੇ ਦੇ 7 ਦਿਨ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ ਖੁੱਲ੍ਹੀ ਰਹਿੰਦੀ ਹੈ। ਸਾਨੂੰ 0808 808 00 00 'ਤੇ ਕਾਲ ਕਰੋ।

### ਮੈਕਮਿਲਨ (Macmillan) ਵੈੱਬਸਾਈਟ

ਸਾਡੀ ਵੈੱਬਸਾਈਟ 'ਤੇ ਕੈਂਸਰ ਬਾਰੇ ਅੰਗ੍ਰੇਜ਼ੀ ਵਿੱਚ ਬਹੁਤ ਸਾਰੀ ਜਾਣਕਾਰੀ ਉਪਲਬਧ ਹੈ। ਇੱਥੇ ਹੋਰਨਾਂ ਭਾਸ਼ਾਵਾਂ ਵਿੱਚ ਵੀ ਵਧੇਰੇ ਜਾਣਕਾਰੀ ਉਪਲਬਧ ਹੈ macmillan.org.uk/translations

ਅਸੀਂ ਸਿਰਫ਼ ਤੁਹਾਡੇ ਲਈ ਵੀ ਅਨੁਵਾਦਾਂ ਦਾ ਇੰਤਜ਼ਾਮ ਕਰਨ ਯੋਗ ਹੋ ਸਕਦੇ ਹਾਂ। ਸਾਨੂੰ ਇਹ ਦੱਸਣ ਲਈ informationproductionteam@macmillan.org.uk 'ਤੇ ਈਮੇਲ ਕਰੋ ਕਿ ਤੁਹਾਨੂੰ ਕੀ ਚਾਹੀਦਾ ਹੈ।

### ਜਾਣਕਾਰੀ ਕੇਂਦਰ

ਸਾਡੇ ਜਾਣਕਾਰੀ ਅਤੇ ਸਹਿਯੋਗ ਕੇਂਦਰ ਹਸਪਤਾਲਾਂ, ਲਾਇਬ੍ਰੇਰੀਆਂ ਅਤੇ ਮੋਬਾਈਲ ਸੈਂਟਰਾਂ ਵਿਖੇ ਸਥਿਤ ਹਨ। ਆਪਣੀ ਲੋੜ ਦੀ ਜਾਣਕਾਰੀ ਪ੍ਰਾਪਤ ਕਰਨ ਅਤੇ ਕਿਸੇ ਨਾਲ ਆਹਮੋ-ਸਾਹਮਣੇ ਗੱਲਬਾਤ ਕਰਨ ਲਈ ਕਿਸੇ ਵੀ ਸੈਂਟਰ 'ਤੇ ਜਾਓ। macmillan.org.uk/informationcentres ਤੋਂ ਆਪਣੇ ਨੇੜਲੇ ਸੈਂਟਰ ਦਾ ਪਤਾ ਲਗਾਓ ਜਾਂ ਸਾਨੂੰ 0808 808 00 00 'ਤੇ ਕਾਲ ਕਰੋ।

### ਸਥਾਨਕ ਸਪੋਰਟ ਗਰੁੱਪ

ਸਪੋਰਟ ਗਰੁੱਪ ਵਿਖੇ ਤੁਸੀਂ ਕੈਂਸਰ ਤੋਂ ਪ੍ਰਭਾਵਤ ਹੋਰਨਾਂ ਲੋਕਾਂ ਨਾਲ ਗੱਲਬਾਤ ਕਰ ਸਕਦੇ ਹੋ। macmillan.org.uk/supportgroups 'ਤੇ ਆਪਣੇ ਇਲਾਕੇ ਵਿੱਚ ਸਪੋਰਟ ਗਰੁੱਪਾਂ ਬਾਰੇ ਪਤਾ ਲਗਾਓ ਜਾਂ ਸਾਨੂੰ 0808 808 00 00 'ਤੇ ਕਾਲ ਕਰੋ।

### ਮੈਕਮਿਲਨ (Macmillan) ਔਨਲਾਈਨ ਕਮਿਊਨਿਟੀ

ਤੁਸੀਂ ਕੈਂਸਰ ਤੋਂ ਪ੍ਰਭਾਵਤ ਹੋਰਨਾਂ ਲੋਕਾਂ ਨਾਲ ਵੀ ਔਨਲਾਈਨ macmillan.org.uk/community 'ਤੇ ਗੱਲ ਕਰ ਸਕਦੇ ਹੋ।

ਤੁਸੀਂ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ ਇਸ ਰਾਹੀਂ ਸੰਪਰਕ ਕਰ ਸਕਦੇ ਹੋ। ਤੁਸੀਂ ਆਪਣੇ ਅਨੁਭਵ ਸਾਂਝੇ ਕਰ ਸਕਦੇ ਹੋ, ਸਵਾਲ ਪੁੱਛ ਸਕਦੇ ਹੋ, ਜਾਂ ਬਸ ਲੋਕਾਂ ਦੀਆਂ ਪੋਸਟਾਂ ਪੜ੍ਹ ਸਕਦੇ ਹੋ।

## ਤੁਹਾਡੀ ਭਾਸ਼ਾ ਵਿੱਚ ਵਧੇਰੇ ਜਾਣਕਾਰੀ

ਸਾਡੇ ਕੋਲ ਇਨ੍ਹਾਂ ਵਿਸ਼ਿਆਂ ਬਾਰੇ ਤੁਹਾਡੀ ਭਾਸ਼ਾ ਵਿੱਚ ਜਾਣਕਾਰੀ ਉਪਲਬਧ ਹੈ:

### ਕੈਂਸਰ ਦੀਆਂ ਨਿਸ਼ਾਨੀਆਂ ਅਤੇ ਲੱਛਣ

- ਨਿਸ਼ਾਨੀਆਂ ਅਤੇ ਲੱਛਣਾਂ ਵਾਲੇ ਕਾਰਡ

### ਜੇ ਤੁਹਾਨੂੰ ਕੈਂਸਰ ਹੋਣ ਦੀ ਪਛਾਣ ਕੀਤੀ ਗਈ ਹੈ

- ਯੂਕੇ ਵਿੱਚ ਕੈਂਸਰ ਦੇਖਭਾਲ
- ਰਫ਼ਿਊਜੀਆਂ ਅਤੇ ਸ਼ਰਨ ਮੰਗਣ ਵਾਲੇ ਲੋਕਾਂ ਲਈ ਹੈਲਥਕੇਅਰ
- ਜੇ ਤੁਹਾਨੂੰ ਕੈਂਸਰ ਹੋਣ ਦੀ ਪਛਾਣ ਕੀਤੀ ਗਈ ਹੈ

### ਕੈਂਸਰ ਦੀਆਂ ਕਿਸਮਾਂ

- ਅੰਤੜੀਆਂ ਦਾ ਕੈਂਸਰ
- ਛਾਤੀ ਦਾ ਕੈਂਸਰ
- ਸਰਵਾਈਕਲ (ਬੱਚੇਦਾਨੀ ਦੇ ਮੂੰਹ ਦਾ) ਕੈਂਸਰ
- ਫੇਫੜਿਆਂ ਦਾ ਕੈਂਸਰ
- ਪ੍ਰੋਸਟੇਟ ਕੈਂਸਰ

### ਕੈਂਸਰ ਦਾ ਇਲਾਜ

- ਕੀਮੋਥੈਰੇਪੀ
- ਰੇਡੀਓਥੈਰੇਪੀ
- ਸੈਪਸਿਸ ਅਤੇ ਕੈਂਸਰ
- ਕੈਂਸਰ ਦੇ ਇਲਾਜ ਦੇ ਮਾੜੇ ਪ੍ਰਭਾਵ
- ਸਰਜਰੀ

### ਕੈਂਸਰ ਨਾਲ ਜੀਵਨ ਜਿਉਣਾ

- ਜਦੋਂ ਤੁਹਾਨੂੰ ਕੈਂਸਰ ਹੋਵੇ ਤਾਂ ਬੈਨਿਫ਼ਿਟਾਂ (ਲਾਭਾਂ) ਨੂੰ ਕਲੇਮ ਕਰਨਾ
- ਖਾਣ-ਸਬੰਧੀ ਸਮੱਸਿਆਵਾਂ ਅਤੇ ਕੈਂਸਰ
- ਸਿਹਤਮੰਦ ਭੋਜਨ ਖਾਣਾ
- ਤੁਹਾਨੂੰ ਕੈਂਸਰ ਹੋਣ 'ਤੇ ਖਰਚਿਆਂ ਵਿੱਚ ਮਦਦ
- LGBTQ+ ਲੋਕ ਅਤੇ ਕੈਂਸਰ
- ਥਕਾਵਟ (ਥਕੇਵਾਂ) ਅਤੇ ਕੈਂਸਰ

### ਜੀਵਨ ਦਾ ਅੰਤ

- ਜੀਵਨ ਦਾ ਅੰਤ

ਇਹ ਜਾਣਕਾਰੀ ਦੇਖਣ ਲਈ, ਇੱਥੇ ਜਾਓ macmillan.org.uk/translations

ਜਾਣਕਾਰੀ ਨੂੰ ਸਮਝਣ ਵਿੱਚ ਵਧੇਰੇ ਸਹਾਇਤਾ ਲਈ, ਇੱਥੇ ਜਾਓ macmillan.org.uk/understandinginformation

## ਹਵਾਲੇ ਅਤੇ ਧੰਨਵਾਦ

ਇਹ ਜਾਣਕਾਰੀ ਮੈਕਮਿਲਨ ਕੈਂਸਰ ਸਪੋਰਟ (Macmillan Cancer Support) ਦੀ ਕੈਂਸਰ ਇਨਫ਼ਾਰਮੇਸ਼ਨ ਡਿਵੈਲਪਮੈਂਟ (Cancer Information Development) ਟੀਮ ਦੁਆਰਾ ਲਿਖੀ ਅਤੇ ਸੰਪਾਦਤ ਕੀਤੀ ਗਈ ਹੈ। ਤੁਹਾਡੀ ਭਾਸ਼ਾ ਵਿੱਚ ਇਸਦਾ ਅਨੁਵਾਦ ਕਿਸੇ ਅਨੁਵਾਦ ਕੰਪਨੀ ਦੁਆਰਾ ਕੀਤਾ ਗਿਆ ਹੈ।

ਇਸ ਵਿੱਚ ਸ਼ਾਮਲ ਜਾਣਕਾਰੀ ਸਾਡੀ ਵੈੱਬਸਾਈਟ 'ਤੇ ਅੰਗ੍ਰੇਜ਼ੀ ਵਿੱਚ ਉਪਲਬਧ ਸਰਜਰੀ ਦੀ ਵਿਆਖਿਆ ਸਬੰਧੀ ਸਮੱਗਰੀ 'ਤੇ ਅਧਾਰਤ ਹੈ।

ਇਸ ਜਾਣਕਾਰੀ ਦੀ ਸਮੀਖਿਆ ਸਬੰਧਤ ਮਾਹਰਾਂ ਦੁਆਰਾ ਕੀਤੀ ਗਈ ਹੈ ਅਤੇ ਮੈਕਮਿਲਨ ਦੇ ਕਲਿਨਿਕੀ ਮੁਹਾਰਤ ਕੇਂਦਰ (Macmillan's Centre of Clinical Expertise) ਦੇ ਮੈਂਬਰਾਂ ਦੁਆਰਾ ਮਨਜ਼ੂਰੀ ਦਿੱਤੀ ਗਈ ਹੈ।

ਕੈਂਸਰ ਪੀੜਤ ਉਨ੍ਹਾਂ ਲੋਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਇਸ ਜਾਣਕਾਰੀ ਦੀ ਸਮੀਖਿਆ ਕੀਤੀ।

ਸਾਡੀ ਸਾਰੀ ਜਾਣਕਾਰੀ ਸਭ ਤੋਂ ਵਧੀਆ ਉਪਲਬਧ ਸਬੂਤਾਂ 'ਤੇ ਅਧਾਰਤ ਹੈ। ਸਾਡੇ ਦੁਆਰਾ ਵਰਤੇ ਜਾਣ ਵਾਲੇ ਸਰੋਤਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੇ ਨਾਲ ਇੱਥੇ ਸੰਪਰਕ ਕਰੋ informationproductionteam@macmillan.org.uk

**ਸਮੱਗਰੀ ਦੀ ਸਮੀਖਿਆ:** 2024

**ਅਗਲੀ ਯੋਜਨਾਬੱਧ ਸਮੀਖਿਆ:** 2027

MAC12466_Punjabi_E04

ਅਸੀਂ ਇਹ ਪੱਕਾ ਕਰਨ ਲਈ ਹਰ ਕੋਸ਼ਿਸ਼ ਕਰਦੇ ਹਾਂ ਕਿ ਅਸੀਂ ਜੋ ਵੀ ਜਾਣਕਾਰੀ ਪ੍ਰਦਾਨ ਕਰੀਏ, ਉਹ ਸਹੀ ਅਤੇ ਬਿਲਕੁਲ ਅੱਪ-ਟੂ-ਡੇਟ ਹੋਵੇ ਪਰ ਇਸ ਉੱਪਰ ਤੁਹਾਡੀ ਸਥਿਤੀ ਮੁਤਾਬਕ ਤਿਆਰ ਕੀਤੀ ਗਈ ਮਾਹਰ ਪੇਸ਼ੇਵਰ ਸਲਾਹ ਦੇ ਬਦਲ ਵਜੋਂ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ। ਜਿੱਥੋਂ ਤਕ ਕਨੂੰਨ ਦੁਆਰਾ ਇਜਾਜ਼ਤ ਦਿੱਤੀ ਜਾਂਦੀ ਹੈ, ਮੈਕਮਿਲਨ (Macmillan) ਇਸ ਪ੍ਰਕਾਸ਼ਨ ਵਿੱਚ ਸ਼ਾਮਲ ਕਿਸੇ ਵੀ ਜਾਣਕਾਰੀ ਜਾਂ ਤੀਜੀ-ਧਿਰ ਦੀ ਜਾਣਕਾਰੀ ਜਾਂ ਇਸ ਵਿੱਚ ਸ਼ਾਮਲ ਜਾਂ ਹਵਾਲਾ ਦਿੱਤੀਆਂ ਗਈਆਂ ਵੈੱਬਸਾਈਟਾਂ ਦੇ ਇਸਤੇਮਾਲ ਦੇ ਸਬੰਧ ਵਿੱਚ ਦੇਣਦਾਰੀ ਸਵੀਕਾਰ ਨਹੀਂ ਕਰਦੀ ਹੈ।

© ਮੈਕਮਿਲਨ ਕੈਂਸਰ ਸਪੋਰਟ (Macmillan Cancer Support) 2025, ਇੰਗਲੈਂਡ ਅਤੇ ਵੇਲਜ਼ (261017), ਸਕਾਟਲੈਂਡ (SC039907) ਅਤੇ ਆਈਲ ਆਫ਼ ਮੈਨ (604) ਵਿੱਚ ਰਜਿਸਟਰਡ ਚੈਰਿਟੀ ਹੈ। ਨਾਰਦਰਨ ਆਇਰਲੈਂਡ ਵਿੱਚ ਵੀ ਸੰਚਾਲਨ ਕਰ ਰਹੀ ਹੈ। ਗਰੰਟੀ ਦੁਆਰਾ ਸੀਮਤ ਇੱਕ ਕੰਪਨੀ, ਇੰਗਲੈਂਡ ਅਤੇ ਵੇਲਜ਼ ਵਿੱਚ ਰਜਿਸਟਰਡ ਕੰਪਨੀ ਨੰਬਰ 2400969 ਹੈ। ਆਈਲ ਆਫ਼ ਮੈਨ ਕੰਪਨੀ ਨੰਬਰ 4694F. ਰਜਿਸਟਰਡ ਦਫ਼ਤਰ: 3rd Floor, Bronze Building, The Forge, 105 Sumner Street, London, SE1 9HZ. VAT ਨੰ: 668265007

Trusted Information Creator

Patient Information Forum

# Surgery: English

This information is about surgery (having an operation).

Many people with cancer will have surgery as part of their treatment.

It might not be the only treatment you need. Some people might have other cancer treatments such as chemotherapy or radiotherapy. Doctors at the hospital will talk to you about your treatment.

If you have any questions about this information, ask your doctor or nurse at the hospital where you are having treatment.

You can also call Macmillan Cancer Support on freephone **0808 808 00 00**, 7 days a week, 8am to 8pm. We have interpreters, so you can speak to us in your own language. When you call us, please tell us in English which language you need.


There is more cancer information in this language and other languages at [macmillan.org.uk/translations](macmillan.org.uk/translations)

This information is about:


- What is cancer?
- Your surgeon
- Why do you need surgery?
- Can the surgery cure the cancer?
- What happens during surgery?
- Before your surgery
- Giving consent
- Having an anaesthetic
- On the day of your operation
- After your operation
- Long-term effects
- Physical and emotional changes
- Getting the right care and support for you
- How Macmillan can help you
- More information in your language
- References and thanks

## What is cancer?

Cancer starts in our body's cells. Cells are the tiny building blocks that make up the organs and tissues of our body. Usually, these cells split to make new cells in a controlled way. This is how our bodies grow, heal and repair. Sometimes, this goes wrong, and the cell becomes abnormal. The abnormal cell keeps splitting and making more and more abnormal cells. These cells form a lump called a tumour.



Normal cells



Cells forming a tumour

Not all tumours are cancer. There are 2 main types of tumours:

- **benign** - these tumours are not cancer. They cannot spread to anywhere else in the body.
- **malignant** - these tumours are cancer. They can grow into other areas of the body.

The place where the cancer first begins to grow is the primary cancer. The primary cancer is named after the place in the body where it started, for example bowel cancer.

Sometimes, primary cancer cells spread to other parts of the body through the blood and the lymphatic system. This is called secondary cancer.

The lymphatic system helps protect us from infection and disease. It is made up of fine tubes called lymphatic vessels. These vessels connect to groups of small lymph nodes throughout the body.

## Your surgeon

The doctor who does your operation is called a surgeon. It is important to see the right surgeon for your type of cancer. For example, someone with breast cancer will see a breast surgeon. The surgeon usually works at a hospital local to you. You can ask the surgeon about their experience if you want to.

If you have a less common cancer, you may need to see a surgeon at a specialist cancer hospital. This may be further away from where you live.

## Why do you need surgery?

Surgery can be used to diagnose or treat cancer:

### Diagnosis

The surgeon may remove a small piece of the cancer. This is called a biopsy. It helps doctors find out what type of cancer it is.

### Staging

Staging is when doctors look at how big a cancer is and whether it has spread to any other parts of the body. Knowing the stage of the cancer can help doctors to plan your treatment.

Staging usually involves having some scans. There are different types of scans. Your doctor or nurse will explain which ones you might need and what to expect.

If your surgeon cannot see the tumour on a scan, you may need other tests. These tests could involve looking inside the body using a special tool with a light and a camera on the end. This can be done in 2 ways:

- the tool is passed through a small cut in the tummy (abdomen). This is known as keyhole surgery.
- the tool is passed through a natural opening to your body. For example, the tool is passed into your mouth, down your throat and into your tummy area (abdomen).

The nurse or doctor may give you medicine to help you relax. They may also spray the back of your throat with a special liquid to stop you feeling anything.

### Treatment

Surgery is used to try to remove the tumour and some normal-looking tissue around it which might contain cancer cells. Surgery might also be used to remove cancer cells that have spread into another part of the body.

Sometimes other treatments, such as chemotherapy and radiotherapy, are given before surgery to make the tumour smaller. This may mean that less surgery is needed:

- **chemotherapy** – this is a cancer treatment that uses drugs to kill cancer cells.
- **radiotherapy** – this is a cancer treatment that uses high-energy x-rays to kill cancer cells.

Before any treatment, a group of doctors and other health care professionals will meet to discuss your situation. This helps to make sure you are getting the best treatment. After the meeting, your surgeon or nurse will talk to you about your treatment options.

### Reconstruction

Reconstruction means having surgery to make a new body part. This may help the body to work better, for example by making a new bladder if it has been removed. Reconstruction can also restore the appearance of a part of the body. For example, breast reconstruction can create a new breast shape after surgery to remove a breast (mastectomy).

### Controlling symptoms

Sometimes cancer cannot be completely removed. In this case, surgery can often still help to control symptoms and make someone feel better.

## Can the surgery cure the cancer?

The aim of surgery is often to try to cure the cancer. But this may not always be possible. This may be because the tumour is too difficult to remove, or because the cancer has spread too much into other parts of the body.

Sometimes the cancer is too small to find. Very small groups of cells cannot be seen by the surgeon and they don't always show up on scans.

If there is a risk that some cancer cells could be left behind, your doctor may suggest you have other cancer treatments after surgery, such as chemotherapy. This can help to reduce the risk of cancer coming back in the future.


For some cancers, surgery is not possible at all. In this case, you may have other cancer treatments.

## What happens during surgery?

The surgeon will remove the cancer and an area of normal-looking tissue around it. This will mean it is less likely that any cancer cells have been left behind. This helps to reduce the risk of the cancer coming back.

After your surgery, your doctor will look at the tissue under a microscope. They will make sure the area around the tumour does not contain any cancer cells.

**Lymph nodes**
Lymph nodes are part of the lymphatic system. This helps to protect us from infection and disease.




**The lymphatic system**

The surgeon may remove some lymph nodes close to the cancer. This is because cancer cells can spread to lymph nodes. If the lymph nodes contain cancer cells, this can increase the risk of the cancer coming back.

The removed lymph nodes are tested after surgery. If they contain cancer cells, you may be referred to a doctor called an oncologist. An oncologist is a cancer doctor who is an expert in cancer treatments such as radiotherapy, chemotherapy and other anti-cancer drugs. They will talk to you about other treatments that could reduce this risk.

### Keyhole surgery (laparoscopic)

Keyhole surgery (laparoscopic) can be used to operate in the upper and lower tummy areas.

In this type of surgery, small openings are made in the body instead of 1 large cut. The surgeon uses an instrument to remove the tumour through a small cut in the skin. Sometimes a machine holds the tools. The surgeon operates the machine. This is called robotic surgery.

Keyhole surgery leaves a smaller wound, so people recover more quickly.

### Open surgery

Open surgery is when the surgeon makes 1 large cut. This means the surgeon can see the cancer or parts of the body that need to be removed.

Sometimes they need to make more than 1 cut. For example, in breast surgery, they may make another cut in the armpit area (axilla) so they can remove lymph nodes too.

## Before your operation

You will usually have a hospital appointment before the operation to have some tests. This is called a pre-operative assessment. The tests are to check you are well enough to have surgery. A nurse will ask about your medical history and if you have any allergies. It is important to tell them about any medicines you are taking, including any herbal remedies or supplements. They will also talk to you about your operation and how to get ready for it.

The nurse will weigh you and check your blood pressure, heart rate, oxygen level and temperature.

Other tests may include:

- blood and urine (pee) tests
- pregnancy test
- tests to check how well your lungs are working
- test to check how well your heart is working (electrocardiogram).

The tests you have will depend on what type of operation you are having, and whether you have any other health problems.

## Giving consent

It is important that you understand everything about your operation. You should be able to talk to your surgeon before your operation. When you speak to the surgeon, it is a good idea to take someone with you who speaks both your language and English. Interpreters may be available at the hospital but try to ask for one in advance if you would like one.

You will need to sign a form to say that you agree to have the operation. This is called giving consent. Consent forms should be available in your language. You cannot have an operation without one.

It is normal to have some concerns about having surgery. Friends or family might also feel worried. Talking to your surgeon or nurse can help. They can answer any questions you have.

## Having an anaesthetic

Some people are given a general anaesthetic for their operation. This means you are given drugs by a doctor called an anaesthetist that make you sleep during your surgery.

The anaesthetist cares for you while you are asleep and while you recover from the anaesthetic. They may also check you before surgery to make sure that you are safe to have an anaesthetic. Anaesthetists also give pain medication.

Other people might have an epidural, or spinal block. This is an injection into your back. This can be used for surgery in the lower half of the body. You are awake but you can't feel anything. You are usually also given some medicine to make you feel sleepy and relaxed.

Some people having a small operation may only need a local anaesthetic. This means that drugs are used to numb a small area of the body so you cannot feel anything.

## On the day of your operation

What happens on the day of your operation depends on which type of surgery you are having. You will be told if you need to do anything to prepare for your surgery.

You might be asked to:
- not eat or drink anything before your surgery
- remove any jewellery or metal objects
- remove any nail varnish or makeup
- have a shower or bath on the morning of your operation.

The nurse may ask you to remove the body hair from the area before the operation. They will tell you what you need to do. Body hair is only shaved if it is needed. It is done using a disposable razor. The hair will grow back after the operation.

Having surgery can increase the risk of a blood clot. Wearing special compression stockings can help reduce this risk. The nurses on the ward at the hospital will measure your legs to get the right size and help you put the stockings on. You wear them during and after your surgery

Just before your operation, you will usually be asked to remove your glasses, contact lenses or dentures. The nurses will keep them safe, and you can wear them again once you wake up.

Before you go to the operating department (theatre), you will change into a gown. You can sometimes leave your underwear on.

You may be taken to the operating department on a trolley by a hospital porter. Someone from the hospital ward will go with you.

## After your operation

You feel sleepy when you first wake up after surgery so it can help to know what to expect.

A nurse will check your blood pressure. You might feel the blood pressure monitor tighten on your arm. You may have an oxygen mask on your face while you wake up.

You may also have some tubes connected to your body. These could include:

- a drip of fluids into a vein until you can eat and drink normally – this may be a few hours or a few days
- a short, thin tube into a vein to give you medicines for pain and sickness – this is until you are able take tablets
- a tube where you had the operation to drain away fluid into a small bottle – this is usually removed after a few days
- a small tube passed into your bladder to drain urine (pee) into a bag. This is called a catheter.

### Pain

It is normal to have some pain after surgery. This can usually be well controlled with pain medicine. If you have any pain, tell the nurse looking after you.

The pain will usually improve over time. If your medicines are not helping with your pain, tell your doctor. They can make changes to your medicine.

### Feeling sick or being sick

If you feel sick after your operation, tell the nurse looking after you. They can give you medicines to help.

### Moving around

You should be able to get out of bed soon after your operation. You may feel worried about this but the nurses will help you. Moving around will help you recover more quickly and reduce the risk of problems such as a blood clot or chest infection.

Sometimes after a big operation you may have to stay in bed for a longer time. Breathing exercises and leg exercises can help reduce the risk of problems after surgery. Your nurse or a physiotherapist will teach you these exercises. A physiotherapist is a professional who helps someone use movement or exercise to recover from illness or injury.

For a few days after your operation, you may need some help to wash and go to the toilet. Speak to your nurse if you would prefer help from a nurse of a different sex or gender.

Everyone recovers from an operation differently. You might feel tired for some time afterwards. Some people feel better quickly, while others can take much longer. This depends on the type of operation you have had.

### Wound care

Your surgeon will close your wound with clips or stitches. These will be removed by a nurse at hospital or at home by a community or practice nurse.

Some surgeons use stitches that dissolve and don't need to be removed. These will disappear when the area heals. Your nurse will tell you which type of stitches you have.

You may have a pad or bandage to cover your wound. The nurse will tell you how to look after your wound. They will also talk to you about looking for signs of infection.

Signs of infection can include:

- heat, pain, swelling, redness or a darker change in skin colour. This can be over the wound, around the scar, or both
- fluid coming from the wound (discharge), which can smell
- a temperature above 37.5°C or above 99.5°F (a fever)
- feeling shivery and shaky
- feeling generally unwell, even with a normal temperature.

If you have any signs of infection, contact your doctor or nurse straightaway on the phone number you have been given.

They will look at the wound and may take a wound swab to send for testing. They may prescribe antibiotics.

### Scars

Your scar may feel itchy at first. It may be red if you have white skin, or a darker colour if you have black or brown skin. In time, it will usually fade, although this might not always happen.

## Long-term effects

Many people recover well from surgery, but some people have long-term problems. The doctors or nurses should talk to you about this before your operation, so you know what to expect. If you are worried about any of these problems, talk to your doctor or nurse. There are usually things that can help.

### Fertility

Some operations can affect your fertility, such as having your womb removed. If you are worried about this, talk to your doctor or nurse before your treatment starts.

### Lymphoedema

If your lymph nodes have been removed, you may get swelling called lymphoedema. The lymph nodes drain fluid out of the body. Removing them can cause fluid to build up. This can happen for example in an arm or leg near where the lymph nodes have been removed. Contact your doctor if you notice any swelling. It is important to treat it quickly.

### Erectile dysfunction

In people assigned male at birth, surgery to remove the prostate gland may cause bladder problems, or difficulty getting an erection. This is called erectile dysfunction.

## Physical and emotional changes

Recovering after an operation can take some time. Many people find this frustrating. It is important to rest when you feel tired. Try to increase your strength gradually. When you feel able to, doing gentle exercise such as a short walk can help give you more energy.

Some people can find it difficult to adjust to the different types of changes that surgery might bring.

Some operations change the way your body looks or the way your body works. These changes may cause you to feel upset. They could affect the way you feel about yourself.

There is a lot of support available, so please talk to your nurse or doctor if you feel this way. They should be able to help you or arrange for you to see a counsellor. A counsellor is a professional who is trained to help people cope with their emotions or personal problems. You could also call the Macmillan Support

Line free on **0808 808 00 00** and speak to one of our nurses. You can ask for an interpreter if you need one.

## Getting the right care and support for you

If you have cancer and do not speak English, you may be worried that this will affect your cancer treatment and care. But your healthcare team should offer you care, support and information that meets your needs.

We know that sometimes people may have extra challenges in getting the right support. For example, if you work or have a family you might also have worries about money and transport costs. All of this can be stressful and hard to cope with.

## How Macmillan can help you

At Macmillan, we know how a cancer diagnosis can affect everything, and we are here to support you.

**Macmillan Support Line**
We have interpreters, so you can speak to us in your language. Just tell us, in English, the language you want to use.

Our expert advisers on the Macmillan Support Line can help with medical questions or be there to listen if you need someone to talk to. We can also talk to you about your money worries and recommend other useful organisations that can help. The free, confidential phone line is open 7 days a week, 8am to 8pm. Call us on **0808 808 00 00**.

**Macmillan website**
Our website has lots of information in English about cancer. There is also more information in other languages at macmillan.org.uk/translations

We may also be able to arrange translations just for you. Email informationproductionteam@macmillan.org.uk to tell us what you need.

**Information centres**
Our information and support centres are based in hospitals, libraries and mobile centres. Visit one to get the information you need and speak with someone face to face. Find your nearest centre at macmillan.org.uk/informationcentres or call us on **0808 808 00 00**.

### Local support groups

At a support group, you can talk to other people affected by cancer. Find out about support groups in your area at [macmillan.org.uk/supportgroups](macmillan.org.uk/supportgroups) or call us on **0808 808 00 00**.

### Macmillan Online Community

You can also talk to other people affected by cancer online at [macmillan.org.uk/community](macmillan.org.uk/community)

You can access it at any time of day or night. You can share your experiences, ask questions, or just read people's posts.

## More information in your language

We have information in your language about these topics:

### Signs and symptoms of cancer

- Signs and symptoms cards

### If you are diagnosed with cancer

- Cancer care in the UK
- Healthcare for refugees and people seeking asylum
- If you are diagnosed with cancer

### Types of cancer

- Bowel cancer
- Breast cancer
- Cervical cancer
- Lung cancer
- Prostate cancer

### Treatment for cancer

- Chemotherapy
- Radiotherapy
- Sepsis and cancer
- Side effects of cancer treatment
- Surgery

### Living with cancer

- Claiming benefits when you have cancer
- Eating problems and cancer
- Healthy eating
- Help with costs when you have cancer
- LGBTQ+ people and cancer
- Tiredness (fatigue) and cancer

### End of life

- End of life

To see this information, go to macmillan.org.uk/translations

For more support to understand information, go to macmillan.org.uk/understandinginformation

## References and thanks

This information has been written and edited by Macmillan Cancer Support's Cancer Information Development team. It has been translated into this language by a translation company.

The information included is based on our Surgery explained content available in English on our website.

This information has been reviewed by relevant experts and approved by members of Macmillan's Centre of Clinical Expertise.

Thanks also to the people affected by cancer who reviewed this information.

All our information is based on the best evidence available. For more information about the sources we use, please contact us at informationproductionteam@macmillan.org.uk

**Content reviewed: 2024**

**Next planned review: 2027**

MAC12466_English_E04

We make every effort to ensure that the information we provide is accurate and up-to-date but it should not be relied upon as a substitute for specialist professional advice tailored to your situation. As far as is permitted by law, Macmillan does not accept liability in relation to the use of any information contained in this publication or third-party information or websites included or referred to in it.

© Macmillan Cancer Support 2025, registered charity in England and Wales (261017), Scotland (SC039907) and the Isle of Man (604). Also operating in Northern Ireland. A company limited by guarantee, registered in England and Wales company number 2400969. Isle of Man company number 4694F. Registered office: 3rd Floor, Bronze Building, The Forge, 105 Sumner Street, London, SE1 9HZ. VAT no: 668265007

Trusted Information Creator

*Patient Information Forum*